# ਅੰਮ੍ਰਿਤ ਕੀਰਤਨ



# AMRIT KIRTAN

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਸਤੰਬਰ 2003

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 9 ◆ ਸਾਲ ਪੰਦਰਵਾਂ ◆ ਸਤੰਬਰ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004



**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਗੁਰਮਤਿ ਸੰਗੀਤ: ਪੰਜਾਬ ਦਾ ਗੌਰਵਮਈ ਵਿਰਸਾ**<br>*ਪ੍ਰੋ. ਗੁਰਮੁਖ ਸਿੰਘ ਸਹਿਗਲ* | 5 |
| **ਗੁਰਬਾਣੀ ਸੰਗੀਤ ਅਤੇ ਰਾਗ ਮਾਰੂ**<br>*ਡਾ. ਜਾਗੀਰ ਸਿੰਘ* | 7 |
| **ਸੰਗੀਤ ਸਾਜ਼ਾਂ ਦੀ ਚੋਣ - ਨਾਰੀ ਦ੍ਰਿਸ਼ਟੀਕੋਣ**<br>*ਗੌਰੀ* | 15 |
| **ਭੀ ਤੇਰੀ ਕੀਮਤਿ ਨ ਪਵੈ**<br>*ਕਰਤਾਰ ਸਿੰਘ ਨੀਲਧਾਰੀ* | 18 |
| **ਪੁਸਤਕ ਸਮੀਖਿਆ**<br>*ਡਾ. ਗੁਰਮੀਤ ਸਿੰਘ ਬੈਦਵਾਣ* | 20 |
| **Review of a Small and Simple Book**<br>*Col. A.S. Rattan (Retd.)* | 22 |
| **An e-mail article**<br>*Amarjit Shah Singh* | 23 |
| **ਸੁਰ ਲਿਪੀਆਂ**<br>*ਕਸ਼ਮੀਰ ਸਿੰਘ* | 26 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 28 |



**Title Designed by Ajay Yashpaul**
# 3092, Sector 37-D, Chd. Mb: 9815481273, 694607 (R)

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਅੰਕ ਜੂਨ 2003 ਵਿਚ ਮੇਰੀ ਕਾਵਿ-ਪੁਸਤਕ 'ਅਗੰਮ ਅਗੋਚਰ' ਦੀ ਸਮੀਖਿਆ ਡਾ. ਗੁਰਮੀਤ ਸਿੰਘ ਬੈਦਵਾਣ ਹੁਰਾਂ ਨੇ ਬਹੁਤ ਹੀ ਉਚ-ਮਿਆਰੀ ਕਰਕੇ, ਮੇਰੀ ਕਿਰਤ ਦਾ ਜੋ ਮਾਣ ਵਧਾਇਆ ਹੈ, ਉਸ ਲਈ ਮੈਂ ਅਤਿ ਸ਼ੁਕਰਗੁਜਾਰ ਹਾਂ। ਅਜਿਹੀ ਸਮੀਖਿਆ ਸਿੱਧ ਕਰਦੀ ਹੈ ਕਿ ਆਲੋਚਕ ਕਿਸੇ ਰਚਨਾ ਨੂੰ ਪਰਖਦਾ ਹੀ ਨਹੀਂ ਸਗੋਂ ਉਸ ਦੀ ਪੁੰਨਰ ਸਿਰਜਣ-ਪ੍ਰਕਿਰਿਆ ਵੀ ਕਰਦਾ ਹੈ। ਲੇਖਕ ਤੇ ਆਲੋਚਕ ਸਮਤੁਲ ਹੋਏ ਜਾਪਦੇ ਹਨ। ਡਾ. ਬੈਦਵਾਣ ਨੇ ਇਸ ਰਚਨਾ ਦੀ ਸ਼ਬਦ-ਸ਼ਕਤੀ ਦਾ ਉਜਿਆਰਾ ਕਰਕੇ ਵਿਦਵਤਾ ਦਾ ਸਬੂਤ ਦਿੱਤਾ ਹੈ। 'ਕਰਉ ਬੇਨੰਤੀਆ' ਕਮਾਲ ਹੈ। ਭਗਵੰਤ ਸਿੰਘ ਦਲਾਵਰੀ ਤੇ ਰਮੇਸ਼ ਸਿੰਘ ਦੀਆਂ ਰਚਨਾਵਾਂ ਪੜ੍ਹਨਯੋਗ ਹਨ।

*- ਮਨਮੋਹਨ ਸਿੰਘ ਦਾਊਂ*

*280, ਫੇਜ਼ 6, ਮੁਹਾਲੀ*

♦ ਆਪ ਜੀ ਕੌਮ ਦੀ ਬੜੀ ਵਡਮੁੱਲੀ ਸੇਵਾ ਕਰ ਰਹੇ ਹੋ। ਘਰ ਬੈਠਿਆਂ ਲੋੜਵੰਦਾਂ ਲਈ ਕੀਰਤਨ ਦੀ ਸਿਖਲਾਈ, ਇਸ ਤੋਂ ਇਲਾਵਾ ਵੱਡੇ ਵੱਡੇ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਪੜ੍ਹ ਕੇ ਅਨੰਦ ਆ ਜਾਂਦਾ ਹੈ। ਸੰਗੀਤ ਅਕਾਦਮੀ ਨੇ ਜੋ ਆਪਨੂੰ ਸਨਮਾਨ ਦਿੱਤਾ ਉਸ ਲਈ ਆਪ ਜੀ deserve ਹੀ ਕਰਦੇ ਸੀ। ਮੁਬਾਰਕ।

*- ਹਰਬੰਸ ਸਿੰਘ*

*30ਏ, ਕਰਿਸ਼ਨਾ ਨਗਰ, ਆਲਮਪੁਰ, ਲਖਨਊ*

♦ ਅਗਸਤ ਦਾ ਅੰਕ ਮਿਲਿਆ, ਸੰਗੀਤ ਨਾਟਕ ਅਕੈਡਮੀ ਵਲੋਂ ਆਪ ਜੀ ਨੂੰ ਮਿਲਿਆ ਸਨਮਾਨ ਚਿੰਨ੍ਹ ਦੇ ਦਰਸ਼ਨ ਕਰਕੇ ਬੇਹੱਦ ਖੁਸ਼ੀ ਹੋਈ।

ਪ੍ਰੋ. ਕਰਤਾਰ ਸਿੰਘ, ਡਾ. ਜੇ ਕੌਰ, ਪ੍ਰਿੰ ਸਤਬੀਰ ਸਿੰਘ ਦੇ ਲਿਖੇ ਲੇਖ ਅਤੇ ਆਪ ਜੀ ਵਲੋਂ ਲਿਖਿਆ ਸਨਮਾਨ ਅਤੇ ਫਰਜ ਬਹੁਤ ਹੀ ਵਧੀਆ ਲੱਗਿਆ।

*- ਅਵਤਾਰ ਸਿੰਘ ਹੰਸ*

*ਗੁ: ਸੰਤਪੁਰਾ, ਪਟਿਆਲਾ ਗੇਟ, ਸੰਗਰੂਰ*

♦ ਜੁਲਾਈ ਦਾ 'ਅੰਮ੍ਰਿਤ ਕੀਰਤਨ' ਬੇਹੱਦ ਪਸੰਦ ਆਇਆ। ਕਰਤਾਰ ਸਿੰਘ ਗੋਸ਼ਟੀ ਮੋਹਾਲੀ ਦਾ ਲੇਖ ਬਹੁਤ ਹੀ ਕਾਬਿਲੇ ਤਾਰੀਫ਼ ਲੇਖ ਸੀ। ਮਾਫ ਕਰਨਾ ਜੇਕਰ ਨਿਸ਼ਕਾਮ ਜਥੇ ਕੀਰਤਨ ਲਈ ਦੇਸ ਵਿਦੇਸ਼ ਵਿੱਚ ਸੰਗਤਾਂ ਨੂੰ ਕੀਰਤਨ ਕਰਨ ਲਈ ਲਿਖਣ ਤਾਂ ਵੀ ਕੋਈ ਬਿਨਾ ਭੇਟਾ ਕੀਰਤਨ ਸੁਣਨ ਲਈ ਤਿਆਰ ਨਹੀਂ। ਦਾਸ ਨੇ ਇਹ ਤਜਰਬਾ ਕੀਤਾ ਹੈ। ਮਹਿੰਗੇ ਜੱਥਿਆਂ ਤੋਂ ਕੀਰਤਨ ਕਰਾਉਣਾ ਗੁ. ਪ੍ਰਬੰਧਕ ਚੰਗਾ ਸਮਝਦੇ ਹਨ। ਕਰਮ ਸਿੰਘ ਰਤਨ ਦੀ ਕਵਿਤਾ ਸਪੀਕਰ ਦੀਆਂ ਚੀਕਾਂ ਵਿੱਚ ਗੁਰਦੁਆਰੇ ਮੰਦਰ ਮਸਜਿਦਾਂ ਵਿੱਚ ਚਲਦੇ ਸਪੀਕਰਾਂ ਨੂੰ ਚੀਕਾਂ ਕਿਹਾ ਗਿਆ ਹੈ ਜੋ ਕਿ ਬਿਲਕੁਲ ਗਲਤ ਹੈ। ਮਾਫ ਕਰਨਾ ਜਿਹੜੇ ਘਰਾਂ ਵਿਚ 4-4, 5-5 ਟੀ. ਵੀ. ਚਲਦੇ ਹਨ ਕੇਬਲਾਂ ਚਲਦੀਆਂ ਹਨ, ਉਨ੍ਹਾਂ ਨਾਲ ਬੱਚਿਆਂ ਦੀ ਪੜ੍ਹਾਈ ਨਹੀਂ ਖਰਾਬ ਹੁੰਦੀ? ਕੇਵਲ ਗੁਰਦੁਆਰੇ ਮੰਦਰਾਂ ਦੇ ਸਪੀਕਰਾਂ ਨਾਲ ਪੜ੍ਹਾਈ ਖਰਾਬ ਹੁੰਦੀ ਹੈ? ਗੰਦੇ ਗਾਣੇ ਗੰਦੇ ਚੈਨਲਾਂ ਨਾਲ ਪੜ੍ਹਾਈ ਖਰਾਬ ਨਹੀਂ ਹੁੰਦੀ? ਗੁਰਦੁਆਰਾ ਸਾਹਿਬਾਨਾਂ ਦੇ ਸਪੀਕਰਾਂ ਨਾਲ ਪੜ੍ਹਾਈ ਖਰਾਬ ਹੁੰਦੀ ਹੈ। ਇਹ ਤਾਂ ਉਹ ਗੱਲ ਹੋਈ ਕਿ ਚੋਰ ਦੀ ਮਾਂ ਨੇ ਕਿਹਾ ਕਿ ਗੁਰਦੁਆਰੇ ਮੰਦਰਾਂ ਦੀ ਆਵਾਜ਼ ਬਿਲਕੁਲ ਨਹੀਂ ਸੁਣਨੀ ਕਿ ਇਹ ਚੋਰੀ ਵਿਚ ਰੁਕਾਵਟ ਪਾਏਗੀ। ਜੇਕਰ ਆਵਾਜ਼ ਸੁਣ ਲਈ ਤਾਂ ਇਹ ਭਗਤ ਬਣ ਜਾਵੇਗਾ ਤੇ ਭੁੱਖਾ ਮਰੇਗਾ।

*- ਪ੍ਰੋ. ਐਸ ਐਸ ਮਸਤਾਨਾ*

*ਰਾਗੀ ਜੱਥਾ C/o ਅਸ਼ੋਕਾ ਰਿਫਰੈਸ਼ਮੈਂਟ,*

*ਮੰਡੀ ਹਰਜੀ ਰਾਮ, ਮਲੋਟ*

♦ ਜੁਲਾਈ ਦਾ 'ਅੰਮ੍ਰਿਤ ਕੀਰਤਨ' ਬੇਹੱਦ ਪਸੰਦ ਆਇਆ। ਕਰਤਾਰ ਸਿੰਘ ਗੋਸ਼ਟੀ ਮੋਹਾਲੀ ਦਾ ਲੇਖ ਬਹੁਤ ਹੀ ਕਾਬਿਲੇ ਤਾਰੀਫ਼ ਲੇਖ ਸੀ। ਮਾਫ ਕਰਨਾ ਜੇਕਰ ਨਿਸ਼ਕਾਮ ਜਥੇ ਕੀਰਤਨ ਲਈ ਦੇਸ ਵਿਦੇਸ਼ ਵਿੱਚ ਸੰਗਤਾਂ ਨੂੰ ਕੀਰਤਨ ਕਰਨ ਲਈ ਲਿਖਣ ਤਾਂ ਵੀ ਕੋਈ ਬਿਨਾ ਭੇਟਾ ਕੀਰਤਨ ਸੁਣਨ ਲਈ ਤਿਆਰ ਨਹੀਂ। ਦਾਸ ਨੇ ਇਹ ਤਜਰਬਾ ਕੀਤਾ ਹੈ। ਮਹਿੰਗੇ ਜੱਥਿਆਂ ਤੋਂ ਕੀਰਤਨ ਕਰਾਉਣਾ ਗੁ. ਪ੍ਰਬੰਧਕ ਚੰਗਾ ਸਮਝਦੇ ਹਨ। ਕਰਮ ਸਿੰਘ ਰਤਨ ਦੀ ਕਵਿਤਾ ਸਪੀਕਰ ਦੀਆਂ ਚੀਕਾਂ ਵਿੱਚ ਗੁਰਦੁਆਰੇ ਮੰਦਰ ਮਸਜਿਦਾਂ ਵਿੱਚ ਚਲਦੇ ਸਪੀਕਰਾਂ ਨੂੰ ਚੀਕਾਂ ਕਿਹਾ ਗਿਆ ਹੈ ਜੋ ਕਿ ਬਿਲਕੁਲ ਗਲਤ ਹੈ। ਮਾਫ ਕਰਨਾ ਜਿਹੜੇ ਘਰਾਂ ਵਿਚ 4-4, 5-5 ਟੀ. ਵੀ. ਚਲਦੇ ਹਨ ਕੇਬਲਾਂ ਚਲਦੀਆਂ ਹਨ, ਉਨ੍ਹਾਂ ਨਾਲ ਬੱਚਿਆਂ ਦੀ ਪੜ੍ਹਾਈ ਨਹੀਂ ਖਰਾਬ ਹੁੰਦੀ? ਕੇਵਲ ਗੁਰਦੁਆਰੇ ਮੰਦਰਾਂ ਦੇ ਸਪੀਕਰਾਂ ਨਾਲ ਪੜ੍ਹਾਈ ਖਰਾਬ ਹੁੰਦੀ ਹੈ? ਗੰਦੇ ਗਾਣੇ

ਗੰਦੇ ਚੈਨਲਾਂ ਨਾਲ ਪੜ੍ਹਾਈ ਖਰਾਬ ਨਹੀਂ ਹੁੰਦੀ? ਗੁਰਦੁਆਰਾ ਸਾਹਿਬਾਨਾਂ ਦੇ ਸਪੀਕਰਾਂ ਨਾਲ ਪੜ੍ਹਾਈ ਖਰਾਬ ਹੁੰਦੀ ਹੈ। ਇਹ ਤਾਂ ਉਹ ਗੱਲ ਹੋਈ ਕਿ ਚੋਰ ਦੀ ਮਾਂ ਨੇ ਕਿਹਾ ਕਿ ਗੁਰਦੁਆਰੇ ਮੰਦਰਾਂ ਦੀ ਆਵਾਜ਼ ਬਿਲਕੁਲ ਨਹੀਂ ਸੁਣਨੀ ਕਿ ਇਹ ਚੋਰੀ ਵਿਚ ਰੁਕਾਵਟ ਪਾਏਗੀ। ਜੇਕਰ ਆਵਾਜ਼ ਸੁਣ ਲਈ ਤਾਂ ਇਹ ਭਗਤ ਬਣ ਜਾਵੇਗਾ ਤੇ ਭੁੱਖਾ ਮਰੇਗਾ।

*- ਪ੍ਰੋ. ਐਸ ਐਸ ਮਸਤਾਨਾ*

*ਰਾਗੀ ਜੱਥਾ C/o ਅਸ਼ੋਕਾ ਰਿਫਰੈਸ਼ਮੈਂਟ,*

*ਮੰਡੀ ਹਰਜੀ ਰਾਮ, ਮਲੋਟ*

♦ ਸਨਮਾਨ ਅਤੇ ਇਨਾਮ ਮਨੁੱਖ ਨੂੰ ਸ਼ਾਬਾਸ਼ੀ ਜ਼ਰੂਰ ਦੇਣ ਪਰ ਉਹ ਸ਼ਾਬਾਸ਼ੀ ਸਾਡਾ ਮਾਣ ਨਾ ਵਧਾ ਦੇਣੇ ਸਾਨੂੰ ਖੁਸ਼ੀ ਹੈ ਕਿ ਆਪ ਨੂੰ ਗੁਰਬਾਣੀ ਸੰਗੀਤ ਕਾਰਨ ਰਾਸ਼ਟਰੀ ਸਨਮਾਨ ਮਿਲਿਆ ਹੈ। ਵਧਾਈਆਂ

'ਸੁਪਨੇ ਸੱਚ ਹੁੰਦੇ ਹਨ' ਜੇ ਕਲਪਨਾ ਨੂੰ ਕੰਮ ਵਿਚ ਲਾ ਕੇ ਸੱਚ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਸੰਗੀਤ ਦਾ ਗੁਰਬਾਣੀ ਨਾਲ ਸਬੰਧ ਹੈ। ਪਰ ਗੁਰਬਾਣੀ ਪਹਿਲਾਂ ਹੀ ਸੰਗੀਤ ਮਯ ਹੈ। ਉਹ ਸਰਲ ਤਰੀਕੇ ਨਾਲ ਸੰਗਤ ਦੇ ਸਾਹਮਣੇ ਪੇਸ਼ ਕਰਨ ਵਾਲੇ ਹੋਣ। 'ਕੁਦਰਤ ਦੀ ਸੁੰਦਰਤਾ' ਲੇਖ ਆਪਣੇ ਕਹੇ ਵਿਚਾਰਾਂ ਨੂੰ ਹੀ ਕੱਟ ਵੱਢ ਕਰਦਾ ਹੈ।

ਗੁਰਮਤਿ ਅਨੁਸਾਰ ਸੰਗਰਾਂਦ ਦਾ ਕੋਈ ਮਹੱਤਵ ਨਹੀਂ ਹੈ, ਪਰ ਦਾਸ ਦੀ ਬੇਨਤੀ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਰਾਂਦ ਵਾਲੇ ਦਿਨ ਦੋਹਾਂ ਹੀ ਬਾਰਾਂਮਾਹ ਵਿਚੋਂ ਪਾਠ ਕਰਨ ਦਾ ਹੁਕਮਨਾਮਾ ਜਾਰੀ ਕਰੇ।

ਕੀਰਤਨ ਦਰਬਾਰਾਂ ਦਾ ਪੂਰਾ ਲਾਹਾ ਸਿਰ ਲੇਖ ਦੇ ਅਨੁਸਾਰ ਲੇਖ ਨਹੀਂ ਹੈ। ਲੇਖ ਦੇ ਅਨੁਸਾਰ ਇਸ ਦੀ ਹੈਡਿੰਗ 'ਧਾਰਮਿਕ ਸਮਾਗਮ' ਹੋਣਾ ਚਾਹੀਦਾ ਹੈ ਕਿਉਂ ਜੋ ਕੀਰਤਨ ਦਰਬਾਰਾਂ ਰਾਹੀਂ ਗੁਰਬਾਣੀ ਦੀ ਅੰਮ੍ਰਿਤ ਵਰਖਾ ਸਾਰਿਆਂ ਵਾਸਤੇ ਹੁੰਦੀ ਹੈ ਕੇਵਲ ਸਿੱਖਾਂ ਵਾਸਤੇ ਨਹੀਂ। ਕੀਰਤਨ ਦੇ ਆਸ਼ਿਕ ਸਾਰੇ ਹੁੰਦੇ ਹਨ। ਗੁਰਸਿੱਖ 'ਖ਼ਾਲਸਾ' 'ਗੁਰਮੁਖ' ਅਲੱਗ ਅਲੱਗ ਪਰਿਭਾਸ਼ਾ ਵਾਲੇ ਅੱਖਰ ਹਨ। ਲੈਕਚਰ ਬੱਚਿਆਂ ਦੇ ਪ੍ਰੋਗਰਾਮ ਇਸਤਰੀ ਸਤਿਸੰਗ ਇਕੱਠੇ ਹੋ ਸਕਦੇ ਹਨ ਨਾਲ ਕੀਰਤਨ ਵੀ ਹੋ ਸਕਦਾ ਹੈ ਪਰ ਕੀਰਤਨ ਦਰਬਾਰ ਨਹੀਂ ਬਾਕੀ ਦੇ ਪ੍ਰਬੰਧ ਹਰ ਸਮਾਗਮ ਵਿਚ ਉੱਚ ਸੇਵਾ ਭਾਵਨਾ ਨਾਲ ਹੋਣੇ ਚਾਹੀਦੇ ਹਨ।

ਦਾਸ ਦੀ ਇਲਤਿਜਾ ਹੈ ਕੀਰਤਨ ਲੈਕਚਰ ਵਾਲੇ ਪੰਡਾਲ ਤੋਂ ਬਾਹਰ ਸਪੀਕਰ ਜਾਂ ਹੋਰ Audio-Vedio, TV ਦੁਆਰਾ ਪ੍ਰੋਗਰਾਮ ਵਿਖਾਉਣ ਦੀ ਸਹੂਲਤ ਹੋਵੇ ਤਾਂ ਕਿ ਸੰਗਤ ਇਕ ਸੁਰਤ ਹੋ ਸਕੇ ਨਾਲ ਨਾਲ ਗੁਰਬਾਣੀ ਦੀ ਬੇਅਦਬੀ ਵੀ ਨਾ ਹੋਵੇ। ਇਸ ਗੱਲ ਬਾਰੇ ਸੰਗਤ ਦੇ ਵਿਚਾਰ ਲੈ ਸਕਦੇ ਹਾਂ।

ਮਾਨਯੋਗ ਬੜੇ ਗੁਲਾਮ ਅਲੀ ਖਾਂ 'ਬਾਰੇ ਕੁਝ ਵੀ ਨਹੀਂ ਲਿਖਿਆ ਉਹਨਾਂ ਦੀ ਪਰੰਪਰਾ, ਤਰੀਕਾ ਕੀ ਉਹ ਗੁਰਬਾਣੀ ਵੀ ਗਾਉਂਦੇ ਸਨ? ਜਾਣਕਾਰੀ ਜ਼ਰੂਰੀ ਹੈ ਕਿਸ ਘਰਾਣੇ ਵਿਚ ਹਨ ਜਾਂ ਉਹਨਾਂ ਨੇ ਰਾਗ ਦਾ ਕਿਹੜਾ ਘਰਾਣਾ ਆਰੰਭ ਕੀਤਾ।

ਸੰਗੀਤ ਵਿਚ ਤਾਲ ਦਾ ਮਹੱਤਵ ਜ਼ਰੂਰ ਹੈ। ਇਸ ਅਨੁਸਾਰ ਹੀ ਸ਼ਰੋਤਾ ਮਸਤੀ ਵਿਚ ਆਉਂਦਾ ਹੈ।

'ਸਪੀਕਰ ਦੀਆਂ ਚੀਕਾਂ' ਹਵਾ ਪ੍ਰਦੂਸ਼ਣ ਵਧਾਂਦਾ ਹੈ। ਪਰ

*ਮਾਇਆ ਧਾਰੀ ਅਤਿ ਅਨਾ ਬੋਲਾ,*
*ਸਬਦ ਨ ਸੁਣਈ ਬਹੁ ਰੋਲ ਘਚੋਲਾ॥*

ਨੂੰ ਅੱਜ ਦੀ ਸੰਸਕ੍ਰਿਤੀ ਸਿੱਧ ਕਰ ਰਹੀ ਹੈ ਹੁਣ ਅੰਮ੍ਰਿਤ ਵੇਲਾ ਭੁਲ ਗਿਆ ਸਿੱਖਾਂ ਨੂੰ। ਬਾਣੀਆਂ ਦੀ ਕੈਸਟਾਂ ਘਰਿ ਘਰਿ ਵਰਤ ਕੇ ਅਸੀਂ ਆਪ ਚੀਕਾਂ ਸੁਣਨ ਦੇ ਆਦਤੀ ਬਣ ਗਏ ਹਾਂ ਅਤੇ ਮੰਦਿਰ, ਗੁਰਦੁਆਰਾ, ਮਸਜਿਦ ਆਦਿ ਅਖ਼ਾੜੇ ਸਮਾਗਮ ਹੋ ਗਏ ਹਨ। ਮਾਇਆ ਇਕੱਠੀ ਕਰਨ ਦੇ ਟਿਕਾਣੇ ਨਾਲ ਭਗਤੀ ਵੀ ਭੇਖ ਅਤੇ ਸੋਦਾਗਰੀ ਹੋ ਰਹੀ ਹੈ।

ਆਪ ਗੁਰਬਾਣੀ ਸੰਗੀਤ ਦੀ ਜਾਗੀਰ ਲਈ ਫਿਰ ਰਹੇ ਹੋ। ਪਰ ਇਸ ਜਾਗੀਰ ਨੂੰ ਨਾਲ ਨਾ ਰੱਖ ਕੇ ਵੱਧ ਤੋਂ ਵੱਧ ਵੰਡਣ ਦੀ ਖੇਚਲ ਕਰੋ ਤਾਂਕਿ ਹੋਰਨਾਂ ਦੇ ਖਜ਼ਾਨੇ ਵੀ ਕੁਝ ਪਵੇ ਆਪ ਗੁਰੂ ਕ੍ਰਿਪਾ ਨਾਲ ਸ. ਜਾਗੀਰ ਸਿੰਘ ਬਣੇ ਰਹੋਗੇ ਜੀ।

ਦਾਸ ਉਮੀਦ ਕਰਦਾ ਹੈ ਕਿ 'ਅੰਮ੍ਰਿਤ ਕੀਰਤਨ' ਸਿਰਫ਼ ਕੀਰਤਨ ਅਤੇ ਰਾਗ ਪੱਧਤੀ ਬਾਰੇ ਹੀ ਲੇਖ ਛਾਪੇਗਾ।

***- ਹਰਭਜਨ ਸਿੰਘ***

*ਖ਼ਾਲਸਾ ਨਿਵਾਸ, ਬੱਲਬ ਫੈਕਟਰੀ ਰੋਡ, ਖ਼ਾਲਸਾ ਮਾਰਗ,*

*ਸ਼ਾਂਤੀ ਨਗਰ ਕੱਟਣੀ*

♦ Received August 2003 issue of 'Amrit Kirtan'. As usual, the printing, paper and layout of the magazine is of excellent quality and the articles published therein are very informative and readable. Please accept my hearty congratulations.

***- R. M. Chopra***

*678, Marshal House, 25, Strand Road,*

*Calcutta 700 001*

## ਸਵੈ-ਸੁਧਾਰ

Improvement always begins with "I".

ਅੰਗਰੇਜ਼ੀ ਦੇ ਇਸ ਮਹੱਤਵਪੂਰਨ ਕਥਨ ਨੂੰ ਇੰਜ ਵੀ ਲਿਖਿਆ ਜਾ ਸਕਦਾ ਹੈ। 'ਸੁਧਾਰ ਹਮੇਸ਼ਾ ਸਵੈ ਤੋਂ ਸ਼ੁਰੂ ਹੁੰਦਾ ਹੈ।' ਇਸ ਸਾਲ ਜਦੋਂ ਪੰਜਾਬ ਸਰਲ ਸਿੱਖਿਆ ਬੋਰਡ ਦੀ ਸਲਾਨਾ ਡਾਇਰੀ ਤਿਆਰ ਕਰਨੀ ਸੀ ਤਾਂ ਬੋਰਡ ਦੇ ਚੇਅਰਮੈਨ, ਡਾ. ਕੇਹਰ ਸਿੰਘ ਜੀ ਨੇ ਡਾਇਰੀ ਵਿਚ ਪੰਜਾਬੀ ਅਤੇ ਅੰਗਰੇਜ਼ੀ ਦੇ ਵਧੀਆ ਕਥਨਾਂ ਦੀ ਚੋਣ ਕਰਨ ਦੀ ਸੇਵਾ ਮੈਨੂੰ ਦਿੱਤੀ। ਉਦੋਂ ਹੋਰ ਕਥਨਾਂ ਦੇ ਨਾਲ ਅੰਗਰੇਜ਼ੀ ਦਾ ਇਹ ਕਥਨ ਵੀ ਪੜ੍ਹਿਆ:

Improvement always begins with "I".

ਫਿਰ ਜਦੋਂ ਇਸ ਕਥਨ ਦੀ ਡੂੰਘਾਈ ਵਿਚ ਜਾਣ ਦੀ ਕੋਸ਼ਿਸ਼ ਕੀਤੀ ਤਾਂ ਆਪਣੇ ਵਿਰਸੇ ਵਿਚ ਪਈਆਂ ਅਨੇਕਾਂ ਕਥਾਵਾਂ ਅਤੇ ਗੁਰਬਾਣੀ ਦੀਆਂ ਤੁਕਾਂ ਯਾਦ ਆਈਆਂ। ਯਾਦ ਆਇਆ ਬਾਬਾ ਫ਼ਰੀਦ ਦਾ ਸ਼ਲੋਕ

***ਫਰੀਦਾ ਜੇ ਤੂ ਅਕਲ ਲਤੀਫੁ ਕਾਲੇ ਲਿਖੁ ਨ ਲੇਖ। ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥***

ਸਾਨੂੰ ਦੂਜਿਆਂ ਦੀ ਨਿੰਦਿਆ ਕਰਕੇ ਬੜਾ ਰਸ ਆਉਂਦਾ ਹੈ ਪਰ ਆਪਣੇ ਅੰਦਰ ਝਾਤ ਨਹੀਂ ਮਾਰਦੇ। ਅੱਜ ਕੱਲ ਕਈ ਲੋਕ ਆਖਦੇ ਹਨ ਜੇ ਅਗਲੇ ਵਿਚ ਔਗੁਣ ਹਨ ਤਾਂ ਉਹਨਾਂ ਦੀ ਚਰਚਾ ਕਰਨੀ ਝੂਠ ਤਾਂ ਨਹੀਂ। ਪਰ ਜੇ ਕੇਵਲ ਅਗਲੇ ਦੇ ਔਗੁਣਾਂ ਦੀ ਚਰਚਾ ਕਰਦੇ ਹੋ ਅਤੇ ਉਸ ਦੇ ਗੁਣ ਨਹੀਂ ਵੇਖਦੇ ਤਾਂ ਇਹ ਅੱਧਾ ਸੱਚ ਹੈ ਅਤੇ ਨਾਲ ਹੀ ਜੇ ਇਸ ਨਾਲ ਆਪਣੀ ਪੀੜ੍ਹੀ ਹੇਠਾਂ ਸੋਟਾ ਨਹੀਂ ਫੇਰਦੇ ਤਾਂ ਇਹ ਵੱਡੀ ਮੂਰਖਤਾ ਹੀ ਨਹੀਂ ਸਗੋਂ ਪਾਪ ਹੈ। 'ਨਿੰਦਾ ਭਲੀ ਕਿਸੀ ਕੀ ਨਾਹੀ।'

ਕਲ ਹੀ ਕਿਤੇ ਪੜ੍ਹ ਰਿਹਾ ਸਾਂ।

ਹੋਰਾਂ ਨੂੰ ਮੁਆਫ ਕਰੋ ਪਰ ਆਪਣੇ ਆਪ ਨੂੰ ਨਹੀਂ। ਗੁਰਬਾਣੀ ਵਿਚ ਬਾਣੀਕਾਰਾਂ ਨੇ ਹੋਰਨਾਂ ਨੂੰ ਉਪਦੇਸ਼ ਘੱਟ ਦਿੱਤਾ ਹੈ, ਆਪਣੇ ਮਨ ਨੂੰ ਜ਼ਿਆਦਾ ਉਪਦੇਸ਼ਿਆ ਹੈ। ਉਂਜ ਸਧਾਰਨ ਜੀਵਨ ਬਾਰੇ ਕਿਹਾ ਗਿਆ ਕਿ ਸਿੱਖਿਆ ਜਾਂ ਉਪਦੇਸ਼ ਅਜਿਹੀ ਚੀਜ਼ ਹੈ ਜਿਹੜੇ ਸਭ ਤੋਂ ਵਧ ਦਿੱਤੀ ਗਈ ਹੈ ਪਰ ਸਭ ਤੋਂ ਘੱਟ ਲਈ ਗਈ ਹੈ। ਜਦੋਂ ਸਾਨੂੰ ਉਪਦੇਸ਼ ਦੇਣ ਦਾ ਮੌਕਾ ਮਿਲਦਾ ਹੈ ਤਾਂ ਅਸੀਂ ਆਪਣੇ ਆਪ ਨੂੰ ਪੈਗੰਬਰ ਸਮਝਣ ਲੱਗ ਪੈਂਦੇ ਹਾਂ। ਕੋਈ ਵਿਰਲੇ ਹੀ ਆਪਣੇ ਮਨ ਬਾਰੇ ਇਹ ਕਹਿੰਦੇ ਹਨ:

***ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ। ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ***

ਬਾਬਾ ਫ਼ਰੀਦ ਜੀ ਹੀ ਇਹ ਕਹਿ ਸਕਦੇ ਹਨ।

***ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ। ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ।***

ਕਿਸੇ ਨੇ ਭਾਈ ਗੁਰਦਾਸ ਜੀ ਦੀ ਸਿਫਤ ਕੀਤੀ ਤਾਂ ਉਹ ਕਹਿਣ ਲੱਗੇ ਭਾਈ ਤੁਸੀਂ ਮੈਨੂੰ ਬਾਹਰੋਂ ਜਾਣਦੇ ਹੋ। ਆਪਣੇ ਅੰਦਰ ਬਾਰੇ ਤੁਹਾਨੂੰ ਮੈਂ ਦੱਸਦਾ ਹਾਂ।

***ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ। ਚੋਰ ਯਾਰ ਜੁਆਰ ਹਉ ਪਰ ਘਰ ਜੋਹੰਦਾ।***

ਮਹਾਨ ਵਿਅਕਤੀ ਆਪਣੇ ਆਪ ਨੂੰ ਮੁਆਫ਼ ਨਹੀ ਕਰਦੇ। ਉਹ ਆਪਣੇ ਨਿੱਕੇ ਤੋਂ ਨਿੱਕੇ ਔਗੁਣ ਨੂੰ ਦੂਰ ਕਰਨ ਲਈ ਜਤਨਸ਼ੀਲ ਰਹਿੰਦੇ ਹਨ। ਜਿਵੇਂ ਇੱਕ ਸਾਫ ਕੱਪੜੇ ਉੱਤੇ ਨਿੱਕਾ ਜਿਹਾ ਧੂੜ ਦਾ ਕਣ ਵੀ ਸਾਫ ਪ੍ਰਗਟ ਹੋਣ ਲੱਗਦਾ ਹੈ। ਇਸੇ ਤਰ੍ਹਾਂ ਸਾਫ਼ ਸ਼ਖਸੀਅਤ ਵਾਲੇ ਆਪਣੇ ਨਿੱਕੇ ਜਿਹੇ ਔਗੁਣ ਨੂੰ ਵੀ ਸਪਸ਼ਟ ਵੇਖ ਕੇ ਦੂਰ ਕਰਦੇ ਸਨ। ਅਸੀਂ ਜਿਹੜੇ ਮੈਲ ਨਾਲ ਭਰੇ ਪਏ ਹਾਂ ਉਹਨਾਂ ਲਈ ਤਾਂ ਗੁਰੂ ਸਾਹਿਬ ਨੇ ਅਰਦਾਸ ਕਰਨੀ ਦੱਸੀ ਹੈ।

***ਕਿਰਪਾ ਕਰੋ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ।***
***ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ।***

ਇੱਕ ਵਾਰ ਸਵੈ ਸਫਾਈ ਸ਼ੁਰੂ ਕਰ ਲਈ ਤਾਂ ਪ੍ਰਮਾਤਮਾ ਦੀ ਕਿਰਪਾ ਸਦਕਾ ਔਗੁਣ ਆਪਣੇ ਆਪ ਦੂਰ ਹੋ ਜਾਣਗੇ। ਸਾਡੀ ਆਤਮਾ ਜਿਸ ਉੱਤੇ ਸਾਡੇ ਔਗੁਣਾਂ ਦੀ ਧੂੜ ਜੰਮੀ ਹੋਈ ਹੈ, ਸਾਫ ਹੋਣੀ ਸ਼ੁਰੂ ਹੋ ਜਾਵੇਗੀ। ਪਰ ਇਹ ਸਭ ਕੁਝ ਆਪਣੇ ਆਪ ਤੋਂ ਸ਼ੁਰੂ ਹੋਣਾ ਹੈ। ਠੀਕ ਹੀ ਕਿਹਾ ਹੈ।

Improvement always begins with "I".

# ਗੁਰਮਤਿ ਸੰਗੀਤ: ਪੰਜਾਬ ਦਾ ਗੌਰਵਮਈ ਵਿਰਸਾ

ਪ੍ਰੋ. ਗੁਰਮੁਖ ਸਿੰਘ ਸਹਿਗਲ
144/8 ਮੁਹੱਲਾ ਅਰੋੜਿਆਂ
ਪਟਿਆਲਾ

ਪੰਜਾਬ ਦੀ ਧਰਤੀ ਉੱਤੇ ਗੁਰਮਤਿ ਸੰਗੀਤ ਦਾ ਆਗਾਜ਼ ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਹੋਇਆ ਜਦੋਂ ਭਾਈ ਮਰਦਾਨੇ ਦੀ ਰਬਾਬ ਦੇ ਸੁਰਾਂ ਨਾਲ ਇਕਮਿਕ ਹੁੰਦਿਆਂ ਬਾਬੇ ਨਾਨਕ ਨੇ ਕਿਸੇ ਇਲਾਹੀ ਵਜਦ ਵਿਚ ਆ ਕੇ ਬਾਣੀ ਦਾ ਉਚਾਰਣ ਕੀਤਾ ਤਾਂ ਆਪ ਮੁਹਾਰੇ ਹੀ ਉਨ੍ਹਾਂ ਦੇ ਸ਼ਬਦ ਸੁਰਾਂ ਦਾ ਜਾਮਾ ਪਹਿਨ ਕੇ ਵੱਖ ਵੱਖ ਰਾਗਾਂ ਵਿੱਚ ਸਾਕਾਰ ਹੋਣ ਲੱਗ ਪਏ ਅਤੇ ਇਸ ਤਰ੍ਹਾਂ ਇਹ ਧੁਰ ਕੀ ਬਾਣੀ ਕਦੇ ਰਾਗ ਸ੍ਰੀ, ਕਦੇ ਆਸਾ, ਕਦੇ ਤਿਲੰਗ ਅਤੇ ਕਦੇ ਰਾਗ ਧਨਾਸਰੀ ਵਿਚ ਗੂੰਜਣ ਲੱਗ ਪਈ। ਰਾਗ ਧਨਾਸਰੀ ਵਿਚ ਇਹ ਧੁਰ ਕੀ ਬਾਣੀ ਇਕ ਬ੍ਰਹਿਮੰਡੀ ਆਰਤੀ ਦੇ ਰੂਪ ਵਿਚ ਇਸ ਤਰ੍ਹਾਂ ਨਾਜ਼ਲ ਹੋਈ:-

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,*
*ਤਾਰਿਕਾ ਮੰਡਲ ਜਨਕ ਮੋਤੀ*
*ਧੂਪੁ ਮਲ ਆਨਲੋ ਪਵਣੁ ਚਵਰੋ ਕਰੇ,*
*ਸਗਲ ਬਨਰਾਇ ਫੂਲੰਤ ਜੋਤੀ।੧॥*

ਸੁਰ ਅਤੇ ਸ਼ਬਦਾਂ ਦਾ ਏਨਾ ਸੁੰਦਰ ਸੁਮੇਲ ਦੁਨੀਆਂ ਦੇ ਕਿਸੇ ਹੋਰ ਧਾਰਮਿਕ ਗ੍ਰੰਥ ਵਿਚ ਨਹੀਂ ਮਿਲਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਗੁਰਮਤਿ ਸੰਗੀਤ ਪਰੰਪਰਾ ਦੀ ਬੁਨਿਆਦ ਰੱਖੀ ਉਸ ਵਿਰਸੇ ਨੂੰ ਅੱਗੇ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮ ਦਾਸ ਜੀ ਨੇ ਪ੍ਰਫੁਲਤ ਕੀਤਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਵਿਰਸੇ ਨੂੰ ਇਕ ਅਦੁੱਤੀ ਗ੍ਰੰਥ ਵਿਚ ਸੰਕਲਿਤ ਕਰਕੇ ਪ੍ਰਵਾਨ ਚੜ੍ਹਾਉਂਦਿਆਂ ਹੋਇਆ ਸਿਖਰਾਂ ਉੱਤੇ ਪਹੁੰਚਾ ਦਿੱਤਾ। ਆਪਣੇ ਪਿਉ ਦਾਦੇ ਦੇ ਇਸ ਮਹਾਨ ਖ਼ਜ਼ਾਨੇ ਨੂੰ ਸੰਭਾਲ ਕੇ ਰੱਖਣ ਅਤੇ ਆਉਂਦੀਆਂ ਨਸਲਾਂ ਤਕ ਇਸਦਾ ਪੈਗ਼ਾਮ ਪਹੁੰਚਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਜਿਸ ਵਿਚ ਗੁਰੂਆਂ ਦੀ ਬਾਣੀ ਦੇ ਨਾਲ ਨਾਲ ਉਸ ਸਮੇਂ ਦੇ ਮਹਾਨ ਸੰਤਾਂ, ਸੂਫ਼ੀਆਂ, ਫ਼ਕੀਰਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ, ਜਿਨ੍ਹਾਂ ਵਿੱਚ ਭਗਤ ਕਬੀਰ, ਨਾਮਦੇਵ, ਰਵਿਦਾਸ ਅਤੇ ਬਾਬਾ ਫ਼ਰੀਦ ਜੀ ਵਿਸ਼ੇਸ਼ ਤੌਰ ਉੱਤੇ ਵਰਨਣਯੋਗ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਅਤੇ ਸੰਤਾਂ ਦੀ ਬਾਣੀ ਨੂੰ ਤਰਤੀਬ ਦੇਣ ਲੱਗਿਆਂ ਰਾਗ ਨੂੰ ਮੁੱਖ ਰੱਖਿਆ ਹੈ ਅਤੇ ਰਾਗਾਂ ਦੇ ਸਿਰਲੇਖ ਅਧੀਨ ਬਾਣੀ ਦੀ ਚੋਣ ਕੀਤੀ ਹੈ। ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ 'ਸ੍ਰੀ ਰਾਗਾਂ' ਨੂੰ ਲਿਆ ਹੈ ਅਤੇ ਇਸੇ ਰਾਗ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਗੁਰੂ ਸਾਹਿਬ ਦੀ ਬਾਣੀ ਦੀ ਤਰਤੀਬ ਹੈ ਅਤੇ ਇਨ੍ਹਾਂ ਤੋਂ ਬਾਅਦ ਕ੍ਰਮ ਅਨੁਸਾਰ ਸੰਤਾਂ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਮੁਖ ਰਾਗ ਹਨ ਅਤੇ 31 ਇਨ੍ਹਾਂ ਦੇ ਅਧੀਨ ਰਾਗ ਹਨ। ਇਸ ਤਰ੍ਹਾਂ ਕੁਲ ਮਿਲਾ ਕੇ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਗਿਣਤੀ 62 ਬਣਦੀ ਹੈ। ਗੁਰੂ ਸਾਹਿਬਾਨ ਤੇ ਆਪਣੀ ਸੰਗੀਤਕ ਬਾਣੀ ਰਾਹੀਂ ਮਨੁੱਖ ਨੂੰ ਰੂਹਾਨੀ ਸੰਦੇਸ਼ ਦਿੱਤਾ ਹੈ। ਸੰਗੀਤ ਰਾਹੀਂ ਹੀ ਮਨੁੱਖ ਦੀ ਆਤਮਾ ਬੁਧੀ ਅਤੇ ਮਨ ਸ਼ੁਧ ਹੁੰਦਾ ਹੈ। ਰਾਗ ਅਤੇ ਨਾਦ ਦੀ ਪਛਾਣ ਦੁਆਰਾ ਹੀ ਮਨੁੱਖ ਅੰਦਰ ਪ੍ਰਭੂ ਦੇ ਹੁਕਮ ਦੀ ਪਛਾਣ ਹੁੰਦੀ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:-

*ਰਾਗੁ ਨਾਦੁ ਸਭੁ ਸਚੁ ਹੈ ਕੀਮਤ ਕਹੀ ਨਾ ਜਾਇ॥*
*ਰਾਗੈ ਨਾਦੈ ਬਾਹੁਰਾ ਇਨੀ ਹੁਕਮਿ ਨਾ ਬੁਝਿਆ ਜਾਇ॥*

ਗੁਰੂ ਸਾਹਿਬਾਨ ਨੇ ਰਾਗਾਂ ਅਨੁਸਾਰ ਸ਼ਬਦ ਗਾਇਨ ਦੀ ਪਿਰਤ ਪਾਈ ਜਿਸ ਤੋਂ ਅੱਗੇ ਕੀਰਤਨ ਦੀ ਰਵਾਇਤ ਦਾ ਮੁੱਢ ਬੱਝਾ। ਸ਼ਬਦ ਕੀਰਤਨ ਸਿੱਖ ਧਰਮ ਦਾ ਇਕ ਅਨਿਖੜਵਾ ਅੰਗ ਹੈ ਜਿਸ ਸਦਕਾ ਗੁਰਦੁਆਰਿਆਂ ਵਿਚ ਕੀਰਤਨ ਚੌਂਕੀ ਦੀ ਰਵਾਇਤ ਵੀ ਪ੍ਰਚਲਿਤ ਹੋਈ ਹੈ। ਇਸ ਤਰ੍ਹਾਂ ਪੰਜਾਬ ਦੇ ਸਭਿਆਚਾਰਕ ਵਿਰਸੇ ਨੂੰ ਪ੍ਰਫੁੱਲਤ ਕਰਨ ਵਿਚ ਗੁਰਮਤਿ ਸੰਗੀਤ ਦੀ ਗੌਰਵਮਈ ਪਰੰਪਰਾ ਦਾ ਬਹੁਤ ਵੱਡਾ ਯੋਗਦਾਨ ਹੈ।

ਸੋਲ੍ਹਵੀਂ ਸਦੀ ਵਿਚ ਰਚੇ ਗਏ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਭਾਰਤ ਦੀ ਸ਼ਾਸਤਰੀ ਸੰਗੀਤ ਪਰੰਪਰਾ ਵਿਚ ਵੀ ਬਹੁਤ ਵੱਡਾ ਯੋਗਦਾਨ ਹੈ। ਇਸ ਨਾਲ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਨੂੰ ਇਸ ਨਵੀਂ ਦਿਸ਼ਾ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਅਜਿਹੇ ਰਾਗਾਂ ਦਾ ਜ਼ਿਕਰ ਵੀ ਆਇਆ ਜਿਨ੍ਹਾਂ ਦਾ ਭਾਰਤੀ ਸੰਗੀਤਚਾਰੀਆਂ ਨੇ ਉਲੇਖ ਨਹੀਂ ਕੀਤਾ। ਜਿਵੇਂ ਰਾਗ ਵਡਹੰਸ, ਰਾਗ ਤੁਖਾਰੀ ਅਤੇ

ਰਾਗ ਮਾਝ ਆਦਿ ਬਾਰੇ ਬਹੁਤ ਘਟ ਭਾਰਤੀ ਸ਼ਾਸਤਰੀ ਸੰਗੀਤ ਦੇ ਮਾਹਿਰਾਂ ਦਾ ਧਿਆਨ ਗਿਆ ਹੈ। ਇਹ ਬੜੇ ਅਫਸੋਸ ਅਤੇ ਦੁਖ ਦੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਪਰੰਪਰਾ ਦਾ ਭਾਰਤ ਦੀਆਂ ਸ਼ਾਸਤਰੀ ਸੰਗੀਤ ਨਾਲ ਸੰਬੰਧਿਤ ਪੁਸਤਕਾਂ ਵਿਚ ਜ਼ਿਕਰ ਹੀ ਨਹੀਂ ਕੀਤਾ ਗਿਆ ਹਾਲਾਂ ਕਿ ਇਸ ਸੰਗੀਤ ਪਰੰਪਰਾ ਦਾ ਭਾਰਤ ਦੇ ਸ਼ਾਸਤਰੀ ਸੰਗੀਤ ਵਿਚ ਇਕ ਬਹੁਤ ਹੀ ਵਡਮੁੱਲਾ ਯੋਗਦਾਨ ਹੈ।

ਇਸ ਦੀ ਵੱਜ੍ਹਾ ਸ਼ਾਇਦ ਭਾਰਤ ਦੇ ਬਹੁਗਿਣਤੀ ਲੋਕਾਂ ਦੀ ਧਾਰਮਿਕ ਤੇ ਸੰਪਰਦਾਇਕ ਕੱਟੜਤਾ ਹੀ ਹੋਵੇ। ਪਰ ਇਸ ਦੇ ਨਾਲ ਹੀ ਬਹੁਤ ਹੱਦ ਤਕ ਸਾਡੀਆਂ ਧਾਰਮਿਕ ਸੰਸਥਾਵਾਂ ਵੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਕਦੇ ਵੀ ਗੁਰਮਤਿ ਸੰਗੀਤ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਿੰਨੀ ਵੱਡੀ ਸਾਡੀ ਗੁਰਮਤਿ ਸੰਗੀਤ ਪਰੰਪਰਾ ਹੈ ਉਸ ਨੂੰ ਬਹੁਤ ਹੀ ਘਟ ਗੌਲ਼ਿਆ ਗਿਆ ਹੈ। ਸਿੱਖਾਂ ਦੀ ਉਚ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਦੇ ਵੀ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਕੋਈ ਯੋਜਨਾ ਨਹੀਂ ਬਣਾਈ। ਕਦੇ ਵੀ ਇਸ ਗੱਲ ਉੱਤੇ ਜ਼ੋਰ ਨਹੀਂ ਦਿੱਤਾ ਕਿ ਗੁਰਦੁਆਰਿਆਂ ਵਿਚ ਸ਼ਬਦ ਕੀਰਤਨ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਅਨੁਸਾਰ ਹੋਣਾ ਚਾਹੀਦਾ ਹੈ। ਗੁਰਮਤਿ ਸੰਗੀਤ ਦੀ ਇਸ ਮਹਾਨਤਾ ਨੂੰ ਸਮਝਦਿਆਂ ਹੋਇਆਂ ਕੁੱਝ ਲੋਕਾਂ ਨੇ ਵਿਅਕਤੀਗਤ ਤੌਰ ਉੱਤੇ ਇਸ ਨੂੰ ਪ੍ਰਫੁਲਤ ਕਰਨ ਦੇ ਜਤਨ ਕੀਤੇ ਹਨ। ਪ੍ਰੋ. ਕਰਤਾਰ ਸਿੰਘ ਨੇ 'ਗੁਰਬਾਣੀ ਸੰਗੀਤ ਦਰਪਣ' ਪੁਸਤਕ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਕੁਝ ਰਾਗਾਂ ਦੀ ਨੋਟੇਸ਼ਨ ਤਿਆਰ ਕੀਤੀ ਹੈ। ਸੁਣਿਆ ਹੈ ਕਿ ਉਹ ਅੱਜ ਕੱਲ ਪੂਰੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਨੋਟੇਸ਼ਨ ਵੀ ਤਿਆਰ ਕਰ ਰਹੇ ਹਨ। ਇਹ ਬਹੁਤ ਹੀ ਸ਼ਲਾਘਾਯੋਗ ਉਦਮ ਹੈ। ਇਸੇ ਤਰ੍ਹਾਂ ਡਾ. ਜਾਗੀਰ ਸਿੰਘ ਗੁਰਬਾਣੀ ਸੰਗੀਤ ਨਾਲ ਸੰਬੰਧਿਤ 'ਅੰਮ੍ਰਿਤ ਕੀਰਤਨ' ਨਾਂ ਦਾ ਮਹੀਨੇ ਵਾਰ ਰਸਾਲਾ ਕੱਢ ਕੇ ਆਪਣਾ ਯੋਗਦਾਨ ਪਾ ਰਹੇ ਹਨ। ਪਿੱਛੇ ਜਿਹੇ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਡਾ. ਗੁਰਨਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ 62 ਰਾਗਾਂ ਦਾ ਗਾਇਨ ਕਰਕੇ ਇਸ ਨੂੰ ਦਸ ਕੈਸਟਾਂ ਵਿਚ ਸੰਚਿਤ ਕਰ ਦਿੱਤਾ ਹੈ। ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰਨ ਵਿਚ ਜਵੱਦੀ ਕਲਾਂ ਦੇ ਸੰਤ ਸੁੱਚਾ ਸਿੰਘ ਨੇ ਵੀ ਬਹੁਤ ਸ਼ਲਾਘਾਯੋਗ ਉੱਦਮ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕਰਨ ਦੇ ਸਾਲਾਨਾ ਸਮਾਗਮਾਂ ਦਾ ਆਯੋਜਨ ਕੀਤਾ ਹੈ ਜਿਸ ਨਾਲ ਲੋਕਾਂ ਵਿਚ ਗੁਰਮਤਿ ਸੰਗੀਤ ਪ੍ਰਤੀ ਜਾਗਰੂਕਤਾ ਪੈਦਾ ਹੋਈ ਹੈ। ਇਸ ਤਰ੍ਹਾਂ ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਸ੍ਰੀ ਜਗਜੀਤ ਸਿੰਘ ਦਾ ਯੋਗਦਾਨ ਵੀ ਗੁਰਮਤਿ ਸੰਗੀਤ ਵਿਚ ਸ਼ਲਾਘਾਯੋਗ ਹੈ ਜਿਥੇ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਨੁਸਾਰ ਹੀ ਕੀਰਤਨ ਕੀਤਾ ਜਾਂਦਾ ਹੈ। ਅਜੋਕੇ ਸਮੇਂ ਵਿਚ ਸਭਿਅਕ ਕੌਮਾਂ ਆਪਣੇ ਪੁਰਾਤਨ ਇਤਿਹਾਸ ਕਲਾ ਅਤੇ ਸੰਸਕ੍ਰਿਤੀ ਪ੍ਰਤੀ ਜਾਗਰੂਕ ਹੁੰਦੀਆਂ ਜਾ ਰਹੀਆਂ ਹਨ ਜਿਸ ਕਰਕੇ ਆਪਣੇ ਮਹਾਨ ਸੰਗੀਤਕ ਤੇ ਕਲਾਤਮਕ ਵਿਰਸੇ ਨੂੰ ਘੋਖਣ, ਪਰਖਣ ਤੇ ਨਿਰਖਣ ਦੀ ਰੁਚੀ ਵੱਧ ਰਹੀ ਹੈ। ਇਸ ਪ੍ਰਸੰਗ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬ ਦੀ ਧਰਤੀ ਉੱਤੇ ਸੋਲ੍ਹਵੀਂ ਸਦੀ ਵਿਚ ਰਚੇ ਗਏ ਲਾਸਾਨੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਗਿਆਨ ਦੇ ਸੰਦਰਭ ਵਿਚ ਰੱਖਕੇ ਵਿਸ਼ਲੇਸ਼ਣ ਕੀਤਾ ਜਾਏ। ਸੰਗੀਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨਿੱਖੜਵਾਂ ਅੰਗ ਹੈ ਜਿਸ ਨੂੰ ਅਣਗੌਲ਼ਿਆ ਨਹੀਂ ਕੀਤਾ ਜਾ ਸਕਦਾ।

31 ਮਾਰਚ 2003 ਦੀ ਅਖਬਾਰ ਦੀ ਇਕ ਖ਼ਬਰ ਅਨੁਸਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੈਂਡੀਕੇਟ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾਂ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਦੀ ਚੇਅਰ ਸਥਾਪਤ ਕੀਤੀ ਜਾਵੇਗੀ। ਗੁਰਮਤਿ ਸੰਗੀਤ ਦੀ ਅਹਿਮੀਅਤ ਨੂੰ ਦਰਸਾਉਂਦਿਆਂ ਹੋਇਆ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਸਵਰਨ ਸਿੰਘ ਬੋਪਾਰਾਏ ਨੇ ਕਿਹਾ ਕਿ ਸੰਸਾਰ ਭਰ ਦੀ ਸੰਗੀਤਕ ਪਰੰਪਰਾ ਵਿਚ ਗੁਰਮਤਿ ਸੰਗੀਤ ਇਕ ਅਜਿਹੀ ਲਾਸਾਨੀ ਪਰੰਪਰਾ ਹੈ, ਜੋ ਮਨੁੱਖ ਨੂੰ ਰੂਹਾਨੀ ਤੌਰ ਉੱਤੇ ਪ੍ਰਫੁਲਤ ਕਰਦੀ ਹੈ ਅਤੇ ਲੋਕਾਂ ਵਿਚ ਆਪਸੀ ਮੇਲ ਜੋਲ ਅਤੇ ਪ੍ਰੇਮ ਭਾਵਨਾ ਜਗਾਉਂਦੀ ਹੈ। ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਦੀ ਚੇਅਰ ਸਥਾਪਤ ਕਰਨ ਲਈ ਵਾਈਸ ਚਾਂਸਲਰ ਦਾ ਇਹ ਕਦਮ ਬਹੁਤ ਹੀ ਸ਼ਲਾਘਾਯੋਗ ਹੈ। ਗੁਰਮਤਿ ਸੰਗੀਤ ਚੇਅਰ ਸਥਾਪਤ ਕਰਨ ਵਿਚ ਦਿੱਲੀ ਦੀ ਗੁਰਗਿਆਨ ਪ੍ਰਕਾਸ਼ ਫ਼ਾਂਉਂਡੇਸ਼ਨ ਦੀ ਚੇਅਰਪਰਸਨ ਬੀਬੀ ਜਸਬੀਰ ਕੌਰ ਖਾਲਸਾ ਨੇ 15 ਸਾਲਾਂ ਤੱਕ ਮਾਇਕ ਸਹਾਇਤਾ ਦੇਣ ਦਾ ਇਕਰਾਰ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਆਪਣੇ ਇਸ ਮਹਾਨ ਵਿਰਸੇ ਪ੍ਰਤੀ ਜਾਗਰੂਕ ਹੋਣ ਦਾ ਇਕ ਬਹੁਤ ਵੱਡਾ ਕਦਮ ਹੈ। ਇਸੇ ਤਰ੍ਹਾਂ ਹੋਰ ਵੀ ਵਿਦਿਅਕ ਅਤੇ ਧਾਰਮਿਕ ਸੰਸਥਾਵਾਂ ਗੁਰਮਤਿ ਸੰਗੀਤ ਨੂੰ ਪ੍ਰਫੁੱਲਤ ਕਰਨ ਲਈ ਜੇ ਅੱਗੇ ਆਉਣ ਤਾਂ ਪੰਜਾਬ ਦਾ ਇਹ ਗੌਰਵਮਈ ਵਿਰਸਾ ਸਮੁੱਚੀ ਦੁਨੀਆਂ ਦੇ ਸਾਂਸਕ੍ਰਿਤਕ ਇਤਿਹਾਸ ਵਿਚ ਇਕ ਬਹੁਤ ਵੱਡੀ ਪ੍ਰਾਪਤੀ ਸਿੱਧ ਹੋ ਸਕਦਾ ਹੈ।

# ਗੁਰਬਾਣੀ ਸੰਗੀਤ ਅਤੇ ਰਾਗ ਮਾਰੂ


ਡਾ. ਜਾਗੀਰ ਸਿੰਘ

422, ਸੈਕਟਰ 15-ਏ
ਚੰਡੀਗੜ੍ਹ


ਗੁਰਬਾਣੀ ਸੰਗੀਤ ਉਸ ਸੰਗੀਤ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਹੈ। ਅਕਾਦਮਿਕ ਖੇਤਰ ਵਿਚ ਇਸ ਸੰਗੀਤ ਲਈ ਗੁਰਮਤਿ ਸੰਗੀਤ ਵਿਸ਼ੇਸ਼ਣ ਵੀ ਪ੍ਰਯੋਗ ਕੀਤਾ ਜਾਂਦਾ ਹੈ। ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਹੀ ਗੁਰਬਾਣੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਮਨੁਖਤਾ ਦੇ ਇਤਿਹਾਸ ਵਿਚ ਇਕ ਵਿਲੱਖਣ ਗ੍ਰੰਥ ਹੈ। ਇਸ ਵਿਚ ਜਿੱਥੇ ਧਰਮ, ਸਾਹਿਤ ਅਤੇ ਸਭਿਆਚਾਰ ਆਦਿ ਪੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਥੇ ਸੰਗੀਤਕ ਪੱਖੋਂ ਵੀ ਇਹ ਮਹੱਤਵਪੂਰਨ ਗ੍ਰੰਥ ਹੈ। ਇਸ ਗ੍ਰੰਥ ਵਿਚ ਦਰਜ ਗੁਰਬਾਣੀ ਰਚਨਾ ਵਿਚ ਸੰਗੀਤ ਕੋਈ ਬਾਹਰੀ ਤੱਤ ਨਹੀਂ ਸਗੋਂ ਇਹ ਬਾਣੀ ਦਾ ਰਚਨਾ ਮੂਲਕ ਤੱਤ ਹੈ। ਜਨਮ ਸਾਖੀਆਂ ਵਿਚ ਜਿਥੇ ਕਿਤੇ ਬਾਣੀ ਰਚਨਾ ਦਾ ਜ਼ਿਕਰ ਆਉਂਦਾ ਹੈ ਤਾਂ ਉਸ ਸਮੇਂ ਦੇ ਘਟਨਾ ਕ੍ਰਮ ਤੋਂ ਇਹ ਗੱਲ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਸੰਗੀਤਕ ਵਾਤਾਵਰਨ ਵਿਚ ਹੀ ਬਾਣੀ ਰਚਨਾ ਕਰਦੇ ਸਨ।

ਗੁਰੂ ਸਾਹਿਬ ਆਖਦੇ "ਮਰਦਾਨਿਆਂ! ਰਬਾਬ ਵਜਾ ਬਾਣੀ ਆਈ।" ਉਦੋਂ ਮਰਦਾਨਾ ਰਬਾਬ ਨਾਲ ਸਮੇਂ ਅਨੁਸਾਰ ਕਿਸੇ ਵਿਸ਼ੇਸ਼ ਰਾਗ ਦਾ ਆਲਾਪ ਕਰਦਾ ਤਦ ਗੁਰੂ ਸਾਹਿਬ ਸ਼ਬਦ ਦਾ ਗਾਇਨ ਕਰਦੇ।

ਗੁਰੂ ਅਰਜਨ ਦੇਵ ਜੀ ਨੇ 31 ਮੁੱਖ ਰਾਗਾਂ ਅਤੇ 31 ਹੋਰ ਰਾਗਾਂ ਪ੍ਰਕਾਰਾਂ ਅਤੇ ਮਿਸ਼ਰਤ ਰਾਗਾਂ ਵਿਚ ਰਚੀ ਬਾਣੀ ਨੂੰ ਵਿਸ਼ੇਸ਼ ਵਿਧੀ ਅਨੁਸਾਰ ਸੰਕਲਿਤ ਕੀਤਾ। ਉਨ੍ਹਾਂ ਨੇ ਬਾਣੀ ਨੂੰ ਸੰਪਾਦਿਤ ਕਰਨ ਦੇ ਨਾਲ ਨਾਲ ਜਿਥੇ ਗਾਇਨ ਕਰਨ ਲਈ ਵਿਸ਼ੇਸ਼ ਸੰਕੇਤ ਦਿਤੇ ਉਥੇ ਇਸ ਨੂੰ ਰੋਜ਼ਾਨਾ ਦੇ ਜੀਵਨ ਵਿਚ ਪ੍ਰਚਲਤ ਕਰਨ ਲਈ ਵਿਸ਼ੇਸ਼ ਮਰਯਾਦਾ ਦਾ ਵੀ ਗਠਨ ਕੀਤਾ।

ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਅਨੁਸਾਰ ਮਾਰੂ ਰਾਗ ਦਾ 21 ਵਾਂ ਸਥਾਨ ਹੈ ਪਰ ਬਾਣੀ ਦੀ ਮਾਤਰਾ ਅਨੁਸਾਰ ਇਹ ਰਾਗ ਤੀਜੇ ਸਥਾਨ ਤੇ ਆਉਂਦਾ ਹੈ। ਸਭ ਤੋਂ ਵਧ ਬਾਣੀ ਗਉੜੀ ਰਾਗ ਵਿਚ, ਉਸ ਤੋਂ ਬਾਅਦ ਆਸਾ ਅਤੇ ਫਿਰ ਮਾਰੂ ਰਾਗ ਵਿਚ ਵਧੇਰੇ ਬਾਣੀ ਦਰਜ ਹੋਈ ਹੈ। ਇਸ ਤਰ੍ਹਾਂ ਗਉੜੀ ਅਤੇ ਆਸਾ ਰਾਗ ਨੂੰ ਛੱਡ ਕੇ ਬਾਕੀ ਸਭ ਰਾਗਾਂ ਤੋਂ ਵਧ ਇਸ ਰਾਗ ਵਿਚ ਬਾਣੀ ਦਰਜ ਹੋਈ ਹੈ। ਮਾਰੂ ਰਾਗ ਵਿਚ ਜਿਹੜੇ ਬਾਣੀਕਾਰਾਂ ਦੀ ਬਾਣੀ ਦਰਜ ਹੈ ਉਹਨਾਂ ਦੇ ਨਾਮ ਹਨ : ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ (ਕੇਵਲ 1 ਸਲੋਕ), ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ। ਇਸ ਤੋਂ ਇਲਾਵਾ ਭਗਤ ਕਬੀਰ ਜੀ, ਨਾਮ ਦੇਵ ਜੀ, ਜੈ ਦੇਵ ਜੀ ਅਤੇ ਭਗਤ ਰਵੀਦਾਸ ਜੀ ਦੀ ਬਾਣੀ ਵੀ ਇਸ ਰਾਗ ਵਿਚ ਮਿਲਦੀ ਹੈ।

**ਮਾਰੂ ਰਾਗ ਵਿਚ ਬਾਣੀ ਤੇ ਰਾਗ ਦੇ ਭਾਵ ਦਾ ਸੰਬੰਧ**

ਰਾਗ ਵੱਖ ਵੱਖ ਤਰ੍ਹਾਂ ਦੀਆਂ ਉਚੀਆਂ ਨੀਵੀਆਂ ਸੁਰਾਂ ਦੇ ਪ੍ਰਯੋਗ ਕਾਰਨ ਬਣਦੇ ਹਨ। ਇਨ੍ਹਾਂ ਸੁਰਾਂ ਦਾ ਵੱਖ ਵੱਖ ਤਰਤੀਬ ਵਿਚ ਅਤੇ ਵੱਖ ਵੱਖ ਮਾਤਰਾ ਵਿਚ ਕੀਤਾ ਪ੍ਰਯੋਗ ਰਾਗਾਂ ਨੂੰ ਵੱਖ ਵੱਖ ਭਾਵਾਂ ਦੇ ਅਨੁਕੂਲ ਬਣਾਉਂਦਾ ਹੈ। ਭਾਰਤੀ ਸੰਗੀਤ ਅਚਾਰੀਆਂ ਨੇ ਵੱਖ ਵੱਖ ਰਾਗਾਂ ਨੂੰ ਵੱਖ ਵੱਖ ਭਾਵ ਪ੍ਰਗਟ ਕਰਨ ਵਾਲੇ ਮੰਨਿਆ ਹੈ।

ਪੁਰਾਤਨ ਕਾਲ ਵਿਚ ਰਾਗ ਨੂੰ ਜਾਤੀ ਕਿਹਾ ਜਾਂਦਾ ਸੀ। ਪੁਰਾਤਨ ਅਚਾਰੀਆ ਭਰਤ[1] ਨੇ ਆਪਣੇ ਗ੍ਰੰਥ ਨਾਟ ਸ਼ਾਸਤਰ ਵਿਚ ਰਾਗ, ਰਸ ਅਤੇ ਕਾਵਿ ਦੇ ਸੰਬੰਧ ਬਾਰੇ ਚਰਚਾ ਕੀਤੀ ਹੈ। ਉਸ ਨੇ ਕਿਹਾ ਹੈ ਜਾਤੀ ਦੇ ਸਥਾਈ ਸੁਰ ਨਾਲ ਸੰਬੰਧ ਰੱਖਣ ਵਾਲੇ ਰਸ ਨਾਲ ਭਰਪੂਰ ਵਿਸ਼ੇ ਵਾਲੀਆਂ ਕਾਵਿ-ਰਚਨਾਵਾਂ ਨੂੰ ਉਸ ਜਾਤੀ ਵਿਚ ਗਾਉਣਾ ਚਾਹੀਦਾ ਹੈ। ਭਰਤ ਨੇ ਭਿੰਨ ਭਿੰਨ ਸਥਾਈ ਸੁਰਾਂ ਦਾ ਸੰਬੰਧ ਭਿੰਨ ਭਿੰਨ ਰਸਾਂ ਨਾਲ ਜੋੜਿਆ ਹੈ:

| ਸਥਾਈ ਸੁਰ | ਰਸ ਭਾਵ |
|---|---|
| ਸ਼ਡਜ | ਵੀਰ, ਰੌਦਰ ਅਤੇ ਅਦਭੁਤ |
| ਰਿਸ਼ਭ | ਵੀਰ, ਰੌਦਰ ਅਤੇ ਅਦਭੁਤ |
| ਗੰਧਾਰ | ਕਰੁਣ |
| ਮੱਧਮ | ਸ਼ਿੰਗਾਰ ਅਤੇ ਹਾਸ |
| ਪੰਚਮ | ਸ਼ਿੰਗਾਰ ਅਤੇ ਹਾਸ |
| ਧੈਵਤ | ਵੀਭਤਸ ਅਤੇ ਭਿਆਨਕ |
| ਨਿਸ਼ਾਦ | ਕਰੁਣ |

ਭਰਤ ਤੋਂ ਬਾਅਦ ਵਾਲੇ ਅਚਾਰੀਆਂ ਸ਼ਾਰੰਗਦੇਵ ਅਤੇ

ਦਾਮੋਦਰ ਪੰਡਿਤ ਨੇ ਭਰਤ ਦੇ ਰਾਗ ਰਸ ਸਿਧਾਂਤ ਨੂੰ ਹੀ ਮਾਨਤਾ ਦਿੱਤੀ ਹੈ ਪਰ ਅਹੋਬਲ ਦਾ ਸੁਰ ਅਤੇ ਰਸ ਦਾ ਸਿਧਾਂਤ ਭਰਤ ਨਾਲੋਂ ਕੁੱਝ ਵੱਖਰਾ ਹੈ[2]। ਉਸ ਨੇ ਸੁਰ ਅਤੇ ਰਸਾਂ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਹੈ :

| ਸਥਾਈ ਸੁਰ | ਰਸ ਭਾਵ |
|---|---|
| ਸ਼ਡਜ | ਹਾਸ |
| ਰਿਸ਼ਭ | ਸ਼ਿੰਗਾਰ |
| ਗੰਧਾਰ | ਹਾਸ |
| ਮੱਧਮ | ਸ਼ਿੰਗਾਰ |
| ਪੰਚਮ | ਭਿਆਨਕ |
| ਧੈਵਤ | ਵੀਭਤਸ |
| ਨਿਸ਼ਾਦ | ਕਰੁਣ |

ਆਧੁਨਿਕ ਯੁਗ ਦੇ ਸੰਗੀਤ ਅਚਾਰੀਆ ਵਿਸ਼ਨੂੰ ਨਾਰਾਇਣ ਭਾਤਖੰਡੇ[3] ਅਨੁਸਾਰ ਜਿਹੜੇ ਰਾਗਾਂ ਵਿਚ ਧੈਵਤ ਅਤੇ ਰਿਸ਼ਭ ਕੋਮਲ ਰੂਪ ਵਿਚ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਲਈ ਬੜੇ ਢੁਕਵੇਂ ਹੁੰਦੇ ਹਨ। ਜਿਹੜੇ ਰਾਗਾਂ ਵਿਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਪ੍ਰਯੋਗ ਹੋਣ ਉਹ ਰਾਗ ਸ਼ਿੰਗਾਰ ਰਸ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਹੁੰਦੇ ਹਨ। ਜਿਹਨਾਂ ਰਾਗਾਂ ਵਿਚ ਕੋਮਲ ਗੰਧਾਰ ਅਤੇ ਕੋਮਲ ਨਿਸ਼ਾਦ ਸੁਰ ਪ੍ਰਯੋਗ ਹੁੰਦੇ ਹਨ ਉਹ ਰਾਗ ਵੀਰ ਰਸ ਦੇ ਭਾਵਾਂ ਨੂੰ ਪ੍ਰਗਟ ਕਰਦੇ ਹਨ। ਜਿਹੜੇ ਰਾਗਾਂ ਵਿਚ ਰਿਸ਼ਭ ਅਤੇ ਧੈਵਤ ਸ਼ੁਧ ਰੂਪ ਵਿਚ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਿੰਗਾਰ ਰਸ ਦੇ ਭਾਵਾਂ ਨੂੰ ਪ੍ਰਗਟ ਕਰਦੇ ਹਨ।

ਇਸ ਤੋਂ ਇਲਾਵਾ ਰਾਗਾਂ ਅਤੇ ਰਸਾਂ ਦਾ ਸੰਬੰਧ ਰਾਗਾਂ ਦੇ ਭਾਵ ਅਨੁਸਾਰ ਬਣਾਏ ਚਿਤਰਾਂ ਤੋਂ ਵੀ ਜਾਣਿਆ ਜਾ ਸਕਦਾ ਹੈ।[4]

ਰਾਗ ਅਤੇ ਰਸ ਦੇ ਸੰਬੰਧ ਨੂੰ ਕਿਰਿਆਤਮਕ ਰੂਪ ਵਿਚ ਇੰਨ ਬਿੰਨ ਢੁਕਾਉਣਾ ਕਠਨ ਹੈ। ਪਰ ਗੁਰਬਾਣੀ ਵਿਚ ਪ੍ਰਯੋਗ ਹੋਏ ਰਾਗਾਂ ਬਾਰੇ ਸੰਕੇਤ ਕਾਫੀ ਹਦ ਸਪਸ਼ਟ ਹਨ।

ਗੁਰਮਤਿ ਸੰਗੀਤ ਨਾਲ ਸੰਬੰਧਤ ਬਹੁਤੇ ਵਿਦਵਾਨ ਮਾਰੂ ਰਾਗ ਨੂੰ ਮਾਰੂ ਦੇਸ ਭਾਵ ਰਾਜਸਥਾਨ ਨਾਲ ਸੰਬੰਧਤ ਕਰਦੇ ਹਨ[5] ਅਤੇ ਇਸ ਰਾਗ ਨੂੰ ਜੰਗ ਜੁਧ ਨਾਲ ਸੰਬੰਧਤ ਕਰਦੇ ਹਨ। ਬੁਧ ਪ੍ਰਕਾਸ਼ ਦਰਪਣ[6] ਵਿਚ ਲਿਖਿਆ ਹੈ ਕਿ ਇਸ ਰਾਗ ਦੇ ਗਾਇਨ ਨਾਲ ਕਾਇਰਤਾ ਨਹੀਂ ਰਹਿੰਦੀ। ਭਾਈ ਕਾਹਨ ਸਿੰਘ ਨਾਭਾ[7] ਅਨੁਸਾਰ ਇਹ ਰਾਗ ਜੁੱਧ ਅਤੇ ਮੌਤ ਦੇ ਸਮੇਂ ਗਾਏ ਜਾਣ ਦੀ ਪਰੰਪਰਾ ਹੈ। ਇਸ ਰਾਗ ਦਾ ਭਾਵ ਪ੍ਰਗਟ ਕਰਨ ਲਈ ਜੋ ਚਿਤਰ ਉਪਲੱਬਧ ਹੈ ਉਸ ਵਿਚ ਵੀ ਇਸ ਰਾਗ ਨੂੰ ਵੀਰ ਸਰੂਪ ਵਿਚ ਚਿਤਰਿਆ ਗਿਆ ਹੈ[8]। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਾਰੂ ਰਾਗ ਦੀ ਬਾਣੀ ਵਿਚ ਇਸ ਤਰ੍ਹਾ ਦੇ ਭਾਵ ਪ੍ਰਤਖ ਰੂਪ ਵਿਚ ਪ੍ਰਗਟ ਹੋਏ ਹਨ।

ਮਾਰੂ ਰਾਗ ਬਾਰੇ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

***ਗੁਰ ਕੈ ਸਬਦਿ ਅਰਾਧੀਐ ਨਾਮ ਰੰਗ ਬੈਰਾਗ।***
***ਜੀਤੇ ਪੰਚ ਬੈਰਾਈਆ***
***ਨਾਨਕ ਸਫਲ ਮਾਰੂ ਇਹ ਰਾਗ।***[9]

(ਸਲੋਕ ਮਹਲਾ 5, ਪੰਨਾ 1425)

ਇਸ ਸਲੋਕ ਵਿਚ ਗੁਰੂ ਸਾਹਿਬ ਨੇ ਪੰਜ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਉਪਰ ਜਿਤ ਪ੍ਰਾਪਤ ਕਰਨ ਦੀ ਗੱਲ ਕੀਤੀ ਹੈ। ਇਸ ਰਾਗ ਅਧੀਨ ਦਰਜ ਹੋਈ ਬਾਣੀ ਵਿਚ ਵੀ ਮੁੱਖ ਰੂਪ ਵਿਚ ਜੰਗ ਤੇ ਜਿਤ ਦੇ ਭਾਵ ਪ੍ਰਗਟ ਹੁੰਦੇ ਹਨ।

ਗੁਰੂ ਸਾਹਿਬਾਨ ਨੇ ਇਸ ਰਾਗ ਦੀ ਬਾਣੀ ਵਿਚ ਜੰਗ ਜੁਧ ਨਾਲ ਸੰਬੰਧਤ ਸ਼ਬਦਾਵਲੀ ਦਾ ਪ੍ਰਯੋਗ ਕਾਫੀ ਮਾਤਾਰਾ ਵਿਚ ਕੀਤਾ ਹੈ :

***ਪ੍ਰੇਮ ਕੇ ਕਾਨ ਲਗੇ ਤਨ ਭੀਤਰਿ***
***ਵੈਦ ਕਿ ਜਾਣੈ ਕਾਰੀ ਜੀਉ।***[10]
***ਪੰਚ ਬਾਣ ਲੈ ਜਮ ਕਉ ਮਾਰੇ***
***ਗਗਨੰਤਰਿ ਧਣਖੁ ਚੜਾਇਆ।***[11]

ਸ਼ਸਤਰਾਂ ਵਿਚੋਂ ਧਨੁਖ ਬਾਣ ਹੀ ਨਹੀਂ ਸਗੋਂ ਖੜਗ, ਖੰਡਾ, ਗਦਾ, ਚਕਰ ਆਦਿ ਸ਼ਸਤਰਾਂ ਦਾ ਜ਼ਿਕਰ ਵੀ ਹੋਇਆ ਹੈ।

***ਗਿਆਨ ਖੜਗ ਲੈ ਮਨ ਸਿਉ ਲੂਝੈ***
***ਮਨਸਾ ਮਨਹਿ ਸਮਾਈ ਹੇ।***[12]

--------------------

***ਖੰਡੇ ਧਾਰ ਗਲੀ ਅਤਿ ਭੀੜੀ।***[13]

--------------------

***ਸੰਖ ਚਕ੍ਰ ਗਦਾ ਹੈ ਧਾਰੀ।***[14]

--------------------

***ਸਸਤ੍ਰਿ ਤੀਖਣ ਕਾਟਿ ਡਾਰਿਓ***
***ਮਨ ਨ ਕੀਨੋ ਰੋਸ।***[15]

ਇਸ ਰਾਗ ਦੀ ਬਾਣੀ ਵਿਚ ਮਾਰਨ ਅਤੇ ਸੰਘਾਰਨ ਆਦਿ ਸ਼ਬਦਾਂ ਦਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਇਸ ਵਿਚ ਬੀਰਤਾ ਦੇ ਭਾਵ ਪ੍ਰਗਟ ਹੋ ਰਹੇ ਹਨ:

***ਕਾਮ ਕ੍ਰੋਧ ਅਹੰਕਾਰ ਨਿਵਾਰੇ।***
***ਤਸਕਰ ਪੰਚ ਸਬਦਿ ਸੰਘਾਰੇ।***[16]

--------------------

***ਕਾਮ ਕ੍ਰੋਧ ਲੈ ਗਰਦਨਿ ਮਾਰੇ***

*ਹਉਮੈ ਲੋਭ ਚੁਕਾਇਆ।* [17]

ਪਰਮਾਤਮਾ ਦੇ ਸਰੂਪ ਦਾ ਵਰਣਨ ਕਰਦਿਆਂ ਉਸ ਦੇ ਬੀਰਤਾ ਵਾਲੇ ਸੁਭਾਅ ਨੂੰ ਵਧੇਰੇ ਉਜਾਗਰ ਕੀਤਾ ਹੈ:

*ਅਸੁਰ ਸੰਘਾਰਣ ਰਾਮ ਹਮਾਰਾ।* [18]

-------------------

*ਮਧੁ ਸੂਦਨ ਦਾਮੋਦਰ ਸੁਆਮੀ।* [19]

-------------------

*ਮੋਹਨ ਮਾਧਵ ਕ੍ਰਿਸ਼ਨ ਮੁਰਾਰੇ।* [20]

ਮਨੁੱਖ ਨੂੰ ਦਿੱਤੇ ਉਪਦੇਸ਼ ਵਿਚ ਵੀ ਬੀਰਤਾ ਦੇ ਭਾਵ ਹੀ ਉਜਾਗਰ ਹੁੰਦੇ ਹਨ :

*ਆਗਾਹਾ ਕੂ ਤ੍ਰਾਘਿ ਪਿਛਾ*
*ਫੇਰਿ ਨ ਮੁਹਡੜਾ*
*ਨਾਨਕ ਸਿਝਿ ਇਵੇਹਾ ਵਾਰ*
*ਬਹੁੜਿ ਨ ਹੋਵੀ ਜਨਮੜਾ॥* [21]

-------------------

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ।*
*ਹੋਹੁ ਸਭਨਾ ਕੀ ਰੇਣਕਾ*
*ਤਉ ਆਉ ਹਮਾਰੇ ਪਾਸਿ।* [22]

ਇਸ ਰਾਗ ਦੀ ਬਾਣੀ ਵਿਚ ਗੁਰੂ ਕਵੀਆਂ ਅਤੇ ਭਗਤ ਕਵੀਆਂ ਵਿਚ ਬੀਰਤਾ ਦੇ ਇਸ ਭਾਵ ਦੀ ਇਕ ਵਿਲੱਖਣ ਸਾਂਝ ਪ੍ਰਗਟ ਹੁੰਦੀ ਹੈ :

*ਗਗਨ ਦਮਾਮਾ ਬਾਜਿਓ*
*ਪਰਿਓ ਨੀਸਾਨੇ ਘਾਓ।*
*ਖੇਤੁ ਜੁ ਮਾਂਡਿਓ ਸੂਰਮਾ*
*ਅਬ ਜੂਝਨ ਕੋ ਦਾਓ।*
*ਸੂਰਾ ਸੋ ਪਹਿਚਾਨੀਐ*
*ਜੋ ਲੜੈ ਦੀਨ ਕੇ ਹੇਤ।*
*ਪੁਰਜਾ ਪੁਰਜਾ ਕਟ ਮਰੈ*
*ਕਬਹੂ ਨਾ ਛਾਡੈ ਖੇਤ।* [23]

ਭਗਤ ਨਾਮਦੇਵ ਵੀ ਪਰਮਾਤਮਾਂ ਨੂੰ ਅਸੁਰ ਸੰਘਾਰਨ ਵਾਲੇ ਰੂਪ ਵਿਚ ਯਾਦ ਕਰਦੇ ਹਨ :

*ਭਗਤ ਹੇਤ ਮਾਰਿਓ ਹਰਨਾਖਸ*
*ਨਰ ਸਿੰਘ ਰੂਪ ਹੋਇ ਦੇਹਿ ਧਾਰਿਓ।* [24]

ਸਿਖ ਪਰੰਪਰਾ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪੁਰਬ ਤੇ ਜਿਹੜੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਉਸ ਵਿਚ ਮਾਰੂ ਰਾਗ ਦੇ ਸ਼ਬਦ ਦੀ ਪ੍ਰਧਾਨਤਾ ਹੈ।

*ਸੇਵਕ ਕੀ ਓੜਕ ਨਿਬਹੀ ਪ੍ਰੀਤ।* [25]

-------------------

*ਬਹੁਰਿ ਹਮ ਕਾਹੇ ਆਵਹਿਗੇ।* [26]

ਸਿਖ ਧਰਮ ਵਿਚ ਮਿਰਤਕ ਦੇ ਸੰਸਕਾਰਾਂ ਅਤੇ ਰਸਮਾਂ ਸਮੇਂ ਜਿਹੜੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਉਹਨਾਂ ਵਿਚ ਵੀ ਮਾਰੂ ਰਾਗੁ ਦੇ ਕਈ ਸ਼ਬਦ ਹੁੰਦੇ ਹਨ:

***ਮੂਰਖ ਮਨ ਕਾਹੈ ਕਰਸਹਿ ਮਾਣਾ।*** [27]

-------------------

***ਸੰਜੋਗ ਵਿਜੋਗ ਧੁਰਹੁ ਹੀ ਹੂਆ।*** [28]

-------------------

***ਬਿਰਖੇ ਹੇਠਿ ਸਭ ਜੰਤ ਇਕਠੇ।*** [29]

-------------------

***ਬਾਬਾ ਅਬ ਨਾ ਬਸਉ ਇਹ ਗਾਉ।*** [30]

**ਮਾਰੂ ਰਾਗ ਵਿਚ ਕਾਵਿ ਰੂਪ ਅਤੇ ਰਾਗ ਦਾ ਸੰਬੰਧ:**

ਇਸ ਰਾਗ ਵਿਚ ਬਾਣੀਕਾਰਾਂ ਨੇ ਜਿਹੜੇ ਕਾਵਿ ਰੂਪਾਂ ਦਾ ਪ੍ਰਯੋਗ ਕੀਤਾ ਹੈ ਉਨ੍ਹਾਂ ਵਿਚ ਕੁਝ ਕਾਵਿ ਰੂਪ ਸਨਾਤਨ ਕਾਵਿ ਪਰੰਪਰਾ ਨਾਲ ਸੰਬੰਧਤ ਹਨ ਜਿਵੇਂ ਪਦੇ, ਅਸ਼ਟਪਦੀਆਂ, ਸੋਲਹੇ, ਅੰਜਲੀਆ ਅਤੇ ਸਲੋਕ। ਕੁਝ ਕਾਵਿ ਰੂਪ ਲੋਕ ਕਾਵਿ ਰੂਪਾਂ ਉਤੇ ਆਧਾਰਿਤ ਹਨ ਜਿਵੇਂ ਵਾਰ ਅਤੇ ਡਖਣੇ।

ਭਾਰਤੀ ਸੰਗੀਤ ਪਰੰਪਰਾ ਵਿਚ ਕਾਵਿ ਰੂਪਾਂ ਅਤੇ ਰਾਗਾਂ ਦਾ ਬੜਾ ਡੂੰਘਾ ਸੰਬੰਧ ਹੈ। ਭਾਰਤੀ ਸੰਗੀਤ ਦੇ ਬਹੁਤੇ ਰਾਗ ਲੋਕ ਕਾਵਿ ਦੀਆਂ ਧੁਨਾਂ ਤੋਂ ਹੀ ਬਣੇ ਹਨ। ਕਈ ਰਾਗਾਂ ਦੇ ਨਾਮ ਕਿਸੇ ਖਾਸ ਜਾਤੀ ਜਾਂ ਸਥਾਨ ਨਾਲ ਸੰਬੰਧਤ ਹਨ ਕੁਝ ਰਾਗਾਂ ਬਾਰੇ ਤਾਂ ਇਹ ਸੰਕੇਤ ਬੜੇ ਸਪਸ਼ਟ ਰੂਪ ਵਿਚ ਮਿਲਦੇ ਹਨ :

ਮਾਝ ਰਾਗ ਨੂੰ ਮਾਝੇ ਦੇ ਇਲਾਕੇ ਦਾ ਰਾਗ ਮੰਨਿਆ ਜਾਂਦਾ ਹੈ। ਕੁਝ ਵਿਦਵਾਨ ਇਸਨੂੰ ਮੱਧ ਪ੍ਰਦੇਸ਼ ਨਾਲ ਸੰਬੰਧਤ ਕਰਦੇ ਹਨ। ਪੰਜਾਬੀ ਬੋਲੀ ਵਿਚ ਮਾਝਾਂ ਨਾਮ ਦਾ ਇਕ ਕਾਵਿ ਰੂਪ ਵੀ ਉਪਲਭਧ ਹੈ। ਗਉੜੀ ਰਾਗ ਨੂੰ ਗਉੜ ਦੇਸ ਨਾਲ ਸੰਬੰਧਤ ਕੀਤਾ ਜਾਂਦਾ ਹੈ। ਗੌੜਹਾਰ ਨਾਮਕ ਲੋਕ ਗੀਤਾਂ ਦੀ ਸ਼ੈਲੀ ਦਾ ਰੂਪ ਵੀ ਮਿਲਦਾ ਹੈ।[31]

| | |
|---|---|
| ਗੂਜਰੀ | ਗੁਜਰਾਤ ਜਾਂ ਗੁਰਜਰ ਦੇਸ ਦਾ |
| ਸੋਰਠ | ਸੋਰਠ ਜਾਂ ਸੁਰਾਸ਼ਟਰ ਦੇਸ ਦਾ |
| ਮਾਰੂ | ਮਾਰੂ ਦੇਸ ਜਾਂ ਰਾਜਸਥਾਨ ਦਾ |
| ਕਾਨੜਾ | ਕੰਨੜ ਦੇਸ ਦਾ |
| ਤਿਲੰਗ | ਤਿਲੰਗਾਨਾ ਦੇਸ ਦਾ |
| ਬੈਰਾੜੀ | ਬੈਰਾੜ ਦੇਸ ਦਾ |
| ਟੋਡੀ | ਟੋਡਾ ਜਾਤੀ ਦਾ |
| ਗੌਂਡ | ਗੌਂਡਾ ਜਾਤੀ ਦਾ |

ਰਾਗ ਧਨਾਸਰੀ ਬਾਰੇ ਪ੍ਰਸਿੱਧ ਹੈ ਕਿ ਇਹ ਰਾਗ

ਫਸਲ ਕੱਟਣ ਵੇਲੇ ਗਾਇਆ ਜਾਂਦਾ ਹੈ। ਇਸ ਨੂੰ ਅੰਨ ਦੀ ਬਹੁਲਤਾ ਦਾ ਰਾਗ ਵੀ ਕਿਹਾ ਜਾਂਦਾ ਹੈ।[32] ਇਸ ਤਰ੍ਹਾਂ ਇਹ ਰਾਗ ਵੀ ਲੋਕ ਧਾਰਨਾ ਦੇ ਨੇੜੇ ਪੁੱਜ ਜਾਂਦਾ ਹੈ। ਸਾਰੰਗ ਰਾਗ ਉਤੇ ਅਨੇਕਾਂ ਲੋਕ ਗੀਤਾਂ ਦੀਆਂ ਧੁਨਾਂ ਆਧਾਰਿਤ ਹਨ। ਚਰਵਾਹਿਆਂ ਦੀ ਵੰਝਲੀ ਅਤੇ ਸਪੇਰਾ ਬੀਨਾਂ ਉਤੇ ਇਸ ਰਾਗ ਦੀਆਂ ਸੁਰਾਵਲੀਆਂ ਸੁਣਾਈ ਦਿੰਦੀਆਂ ਹਨ।[33] ਮਲਾਰ ਖੁਸ਼ੀ ਦੇ ਗੀਤ ਨੂੰ ਵੀ ਕਿਹਾ ਜਾਂਦਾ ਹੈ ਅਤੇ ਇਹ ਇਕ ਰਾਗ ਵੀ ਹੈ। ਸੋ ਲੋਕ ਕਾਵਿ ਅਤੇ ਰਾਗ ਆਪਸ ਵਿਚ ਅੰਤਰ ਸੰਬੰਧਤ ਕਹੇ ਜਾ ਸਕਦੇ ਹਨ।

ਗੁਰਬਾਣੀ ਵਿਚ ਪ੍ਰਯੁਕਤ ਕਾਵਿ ਰੂਪ ਕਾਫੀ ਹੱਦ ਤਕ ਲੋਕ ਗਾਇਨ ਸ਼ੈਲੀਆਂ ਅਨੁਸਾਰ ਰਚੇ ਗਏ ਹਨ। ਡਾ. ਕਰਨੈਲ ਸਿੰਘ ਥਿੰਧ[34] ਅਨੁਸਾਰ ਲੋਕ ਗਾਇਨ ਸ਼ੈਲੀਆਂ ਤੋਂ ਭਾਵ ਅਜਿਹੀਆਂ ਧੁਨਾਂ, ਤਰਜ਼ਾਂ, ਤਾਲਾਂ ਤੇ ਬਹਿਰਾਂ ਹਨ ਜਿਨ੍ਹਾਂ ਨੂੰ ਲੋਕ ਗੀਤਾਂ ਵਿਚੋਂ ਲੈ ਕੇ ਬਾਣੀਕਾਰਾਂ ਨੇ ਆਪਣੀਆਂ ਕਾਵਿ ਰਚਨਾਵਾਂ ਦਾ ਆਧਾਰ ਬਣਾਇਆ ਹੈ। ਕੁਝ ਗੁਰੂ ਕਵੀਆਂ ਰਾਹੀਂ ਰਚੇ ਕਾਵਿ ਰੂਪਾਂ ਛੰਤ, ਆਲਾਹੁਣੀਆਂ, ਵਾਰਾਂ, ਘੋੜੀਆਂ, ਬਿਰਹੜੇ ਆਦਿ ਵਿਚ ਵਿਸ਼ੇ ਦੀ ਵਿਲੱਖਣਤਾ ਦੇ ਬਾਵਜੂਦ ਲੋਕ ਗੀਤਾਂ ਦਾ ਸੰਗੀਤਕ ਪੱਖ ਕਾਇਮ ਰਹਿੰਦਾ ਹੈ।

**ਰਾਗ ਮਾਰੂ ਵਿਚ ਹੇਠ ਲਿਖੇ ਕਾਵਿ ਰੂਪਾਂ ਦਾ ਪ੍ਰਯੋਗ ਹੋਇਆ ਹੈ :**

1 ਪਦ (ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸਪਦੀਆਂ ਅਤੇ ਸੋਹਲੇ)

2 ਵਾਰ 3 ਸਲੋਕ 4 ਅੰਜੁਲੀ 5 ਡਖਣੇ

**ਪਦ ਕਾਵਿ ਰੂਪ :** ਜਿਵੇਂ ਉਪਰ ਦੱਸਿਆ ਗਿਆ ਕਿ ਪਦ ਕਾਵਿ ਰੂਪਾਂ ਦੀਆਂ ਕਈ ਵੰਨਗੀਆਂ ਇਸ ਰਾਗ ਵਿਚ ਪ੍ਰਯੋਗ ਕੀਤੀਆਂ ਗਈਆਂ ਹਨ ਜਿਵੇਂ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸਟਪਦੀਆਂ ਅਤੇ ਸੋਲਹੇ। ਸੋਲਹੇ ਭਾਵ ਸੋਲਾਂ ਪਦਾਂ ਵਾਲਾ ਕਾਵਿ ਰੂਪ ਕੇਵਲ ਮਾਰੂ ਰਾਗ ਵਿਚ ਹੀ ਪ੍ਰਯੋਗ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਦ ਕਾਵਿ ਰੂਪ ਸਭ ਤੋਂ ਵੱਧ ਪ੍ਰਯੋਗ ਹੋਇਆ ਹੈ। ਮਾਰੂ ਰਾਗ ਵਿਚ ਬਾਣੀਕਾਰਾਂ ਅਨੁਸਾਰ ਪਦਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

*ਗੁਰੂ ਨਾਨਕ ਦੇਵ ਜੀ:* 12 ਪਦੇ, 12 ਅਸਟਦੀਆਂ ਅਤੇ 22 ਸੋਲਹੇ ਕੁਲ 46 ਪਦੇ

*ਗੁਰੂ ਅਮਰਦਾਸ ਜੀ:* 5 ਪਦੇ, 1 ਅਸਟਦੀਆਂ ਅਤੇ 23 ਸੋਲਹੇ ਕੁਲ 27 ਪਦੇ

*ਗੁਰੂ ਰਾਮ ਦਾਸ ਜੀ:* 8 ਪਦੇ

*ਗੁਰੂ ਅਰਜਨ ਦੇਵ ਜੀ:* 31 ਪਦੇ, 6 ਅਸਟਪਦੀਆਂ

*ਗੁਰੂ ਤੇਗ ਬਹਾਦਰ ਜੀ:* 3 ਪਦੇ

ਇਸ ਕਾਵਿ ਰੂਪ ਦਾ ਸੰਗੀਤ ਨਾਲ ਵਿਸ਼ੇਸ਼ ਸੰਬੰਧ ਹੈ। ਪਦਾਂ ਦੇ ਰੂਪ ਤੋਂ ਵੀ ਇਨ੍ਹਾਂ ਦੇ ਗਾਇਨ ਕਰਨ ਦੇ ਸਪਸ਼ਟ ਸੰਕੇਤ ਮਿਲਦੇ ਹਨ। ਲਗਭਗ ਹਰ ਪਦੇ ਵਿਚ ਸਥਾਈ ਦੀ ਤੁਕ ਆਉਂਦੀ ਹੈ ਜਿਸ ਨੂੰ ਰਹਾਉ ਕਿਹਾ ਜਾਂਦਾ ਹੈ। ਕਾਹਨ ਸਿੰਘ ਨਾਭਾ[35] ਅਨੁਸਾਰ ਰਹਾਉ ਦੇ ਅਰਥ ਹਨ, ਟੇਕ ਜਾਂ ਸਥਾਈ ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿੱਛੋਂ ਵਰਤਿਆ ਜਾਵੇ। ਰਹਾਉ ਪਦ ਵਖਰਾ ਆਉਣ ਕਰਕੇ ਕਈ ਵਿਦਵਾਨਾਂ ਨੇ ਪਦਿਆਂ ਨੂੰ ਧਰੁਪਦ ਗਾਇਨ ਸ਼ੈਲੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਭਾਰਤੀ ਸੰਗੀਤ ਕੋਸ਼[36] ਧਰੁਪਦ ਬਾਰੇ ਲਿਖਿਆ ਹੈ, ਧਰੁਵ ਦਾ ਅਰਥ ਹੈ ਅਚੱਲ ਜਾਂ ਦੇਰ ਤਕ ਰਹਿਣ ਵਾਲਾ ਇਹਨਾਂ ਅਰਥਾਂ ਅਨੁਸਾਰ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦੇ ਗੁਣ ਗਾਇਨ ਕਰਨ ਵਾਲੇ ਪਦਾਂ ਨੂੰ ਧਰੁਪਦ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮਾਰੂ ਰਾਗ ਵਿਚ ਦਰਜ ਪਦਿਆਂ ਨੂੰ ਧਰੁਪਦ ਸ਼ੈਲੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਧਰੁਪਦ ਗਾਇਨ ਸ਼ੈਲੀ ਦਾ ਵਰਣਨ ਕਰਦਿਆਂ ਅਚਾਰਿਆ ਭਾਤਖੰਡੇ ਲਿਖਦੇ ਹਨ[37]: ਧਰੁਪਦ ਦੇ ਆਮ ਤੌਰ ਤੇ ਚਾਰ ਭਾਗ ਹੁੰਦੇ ਹਨ ਜਿਨ੍ਹਾਂ ਨੂੰ ਗਾਇਕ ਤੁਕ ਕਹਿੰਦੇ ਹਨ। ਉਨ੍ਹਾਂ ਭਾਗਾਂ ਦੇ ਨਾਮ ਸਥਾਈ, ਅੰਤਰਾ, ਸੰਚਾਰੀ ਤੇ ਅਭੋਗ ਹਨ। ਇਨ੍ਹਾਂ ਭਾਗਾਂ ਵਿਚ ਕਿੰਨੇ ਬੰਦ ਰੱਖੇ ਜਾਣ ਇਹ ਗਾਇਕ ਦੀ ਇਛਾ ਤੇ ਨਿਰਭਰ ਕਰਦਾ ਹੈ। ਗੁਰੂ ਸਾਹਿਬਾਨ ਨੇ ਵੀ ਇਸ ਬਾਰੇ ਖੁੱਲ ਲਈ ਹੈ। ਉਨ੍ਹਾਂ ਨੇ ਬੰਦਾਂ ਦੀ ਗਿਣਤੀ ਨਿਸ਼ਚਿਤ ਨਹੀਂ ਕੀਤੀ। ਮਾਰੂ ਰਾਗ ਵਿਚ ਦੋ ਤਿੰਨ, ਚਾਰ, ਪੰਜ, ਛੇ, ਅੱਠ ਅਤੇ ਸੋਲਾਂ ਬੰਦਾਂ ਵਾਲੇ ਪਦ ਵੀ ਰਚੇ ਹਨ।

**ਵਾਰ ਕਾਵਿ ਰੂਪ:** ਗੁਰੂ ਗ੍ਰੰਥ ਸਾਹਿਬ ਵਿੱਚ ਵਾਰ ਕਾਵਿ ਰੂਪ ਨੂੰ, ਵਿਸ਼ੇਸ਼ ਸਥਾਨ ਪ੍ਰਾਪਤ ਹੈ। 22 ਵਾਰਾਂ ਵਿੱਚੋਂ ਗੁਰੂ ਕਵੀਆਂ ਨੇ 21 ਵਾਰਾਂ ਦੀ ਰਚਨਾ ਕੀਤੀ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਵਾਰ ਕਾਵਿ ਰੂਪ ਪ੍ਰਚਲਤ ਸੀ। ਇਸ ਦੇ ਸੰਕੇਤ ਗੁਰੂ ਗ੍ਰੰਥ ਸਹਿਬ ਵਿੱਚੋਂ ਹੀ ਮਿਲ ਜਾਂਦੇ ਹਨ। ਜਦੋਂ ਅਸੀਂ ਵੇਖਦੇ ਹਾਂ ਕਿ ਗੁਰੂ ਕਵੀਆਂ ਰਾਹੀਂ ਰਚਿਤ ਵਾਰਾਂ ਨੂੰ ਉਸ ਸਮੇਂ ਪ੍ਰਚਲਤ ਕੁਝ ਵਾਰਾਂ ਦੀਆਂ ਧੁਨੀਆਂ ਉਪਰ ਗਾਉਣ ਦੇ ਸੰਕੇਤ ਦਿੱਤੇ ਗਏ ਹਨ। ਇਸ ਕਾਵਿ ਰੂਪ ਨਾਲ ਸੰਗੀਤ ਮੁੱਢ ਤੋਂ ਹੀ ਜੁੜਿਆ ਹੋਇਆ ਹੈ। ਵਾਰ ਦੇ ਮੁੱਢ ਬਾਰੇ ਪ੍ਰਿੰਸੀਪਲ ਤੇਜਾ ਸਿੰਘ[38] ਦਾ ਕਥਨ ਹੈ ਕਿ ਵਾਰ ਯੂਨਾਨੀ ਕਾਵਿ-ਭੇਦ ਓਡ ਦੇ ਪ੍ਰਭਾਵ ਨਾਲ ਹੋਂਦ ਵਿੱਚ ਆਈ ਹੈ।

ਯੂਨਾਨੀ ਕਾਵਿ ਭੇਦ ਓਡ ਨੂੰ ਵੀ ਖਲੋ ਕੇ ਦੋ ਬੰਦੇ ਗਾਉਂਦੇ ਹਨ ਤੇ ਉਹਨਾਂ ਕੋਲ ਵੀ ਸਾਡੇ ਢਾਡੀਆਂ ਦੀ ਢੱਡ ਤੇ ਸਾਰੰਗੀ ਵਰਗੇ ਸਾਜ਼ ਹੁੰਦੇ ਹਨ। ਓਡ ਦੇ ਤਿੰਨ ਭਾਗ ਹੁੰਦੇ ਹਨ। ਇਕ ਸਟਰਾਫੀ, ਦੂਜਾ ਐਂਟੀ ਸਟਰਾਫੀ ਅਤੇ ਤੀਜਾ ਈਪੋਡ। ਸਟਰਾਫੀ ਨੂੰ ਇਕ ਬੰਦਾ ਗਾਉਂਦਾ ਹੈ ਤੇ ਐਂਟੀ ਸਟਰਾਫੀ ਦੂਜਾ ਬੰਦਾ ਗਾਉਂਦਾ ਹੈ। ਪੰਜਾਬੀ ਸਾਹਿਤ ਵਿਚ ਇਹ ਕਾਵਿ ਰੂਪ ਵੀ ਇਸੇ ਵਿਧੀ ਅਨੁਸਾਰ ਗਾਇਨ ਕੀਤਾ ਜਾਂਦਾ ਹੈ। ਭਾਵੇਂ ਅਜਕਲ ਢਾਡੀ ਇਸ ਤਰ੍ਹਾਂ ਨਹੀਂ ਗਾਉਂਦੇ ਪਰ ਵਾਰ ਗਾਇਨ ਦਾ ਲਗਭਗ ਇਹੋ ਰੂਪ ਰਾਗੀਆਂ ਵਿੱਚ ਆਸਾ ਦੀ ਵਾਰ ਗਾਉਣ ਇਸੇ ਤਰ੍ਹਾਂ ਪ੍ਰਚਲਤ ਹੈ। ਪਹਿਲਾਂ ਇੱਕ ਰਾਗੀ ਇੱਕ ਸਲੋਕ ਗਾਉਂਦਾ ਹੈ ਫਿਰ ਦੂਜਾ ਰਾਗੀ ਦੂਜਾ ਸਲੋਕ ਗਾਉਂਦਾ ਹੈ ਪਰ ਪਉੜੀ ਦਾ ਗਾਇਨ ਸਾਰੇ ਰਲ ਕੇ ਕਰਦੇ ਹਨ।

ਮਾਰੂ ਰਾਗ ਵਿੱਚ ਦੋ ਵਾਰਾਂ ਦਰਜ ਹੋਈਆਂ ਹਨ। ਇਕ ਵਾਰ ਗੁਰੂ ਅਮਰ ਦਾਸ ਜੀ ਦੀ ਰਚਨਾ ਹੈ ਅਤੇ ਦੂਜੀ ਗੁਰੂ ਅਰਜਨ ਦੇਵ ਦੀ ਦੁਆਰਾ ਰਚੀ ਗਈ ਹੈ। ਦੋਹਾਂ ਵਾਰਾਂ ਨਾਲ ਸਲੋਕ ਵੀ ਦਰਜ ਹਨ।

ਅੰਜੁਲੀ: ਪਦ ਕਾਵਿ ਰੂਪ ਵਿੱਚ ਅੰਜੁਲੀ ਕਾਵਿ ਰੂਪ ਦਾ ਵਿਸ਼ੇਸ਼ਣ ਵੀ ਪ੍ਰਯੋਗ ਕੀਤਾ ਗਿਆ ਹੈ। ਇਸ ਬਾਰੇ ਭਾਈ ਕਾਹਨ ਸਿੰਘ ਨਾਭਾ[39] ਲਿਖਦੇ ਹਨ:ਦਾਹ ਪਿੱਛੋਂ ਪ੍ਰੇਤ ਨੂੰ (ਤਿਲ ਆਦਿਕ ਪਦਾਰਥਾਂ: ਨਾਲ ਮਿਲੀ ਹੋਈ ਪਾਣੀ ਦੀ ਚੁਲੀ) ਤਿਲਾਂਜਲੀ ਦਿੱਤੀ ਜਾਂਦੀ ਹੈ। ਸਿੱਖ ਪਰੰਪਰਾ ਵਿੱਚ ਗੁਰੂ ਅਰਜਨ ਦੇਵ ਜੀ ਦੇ ਰਚੇ ਇਸ ਕਾਵਿ ਦਾ ਗਾਇਨ ਵੀ ਕੀਤਾ ਜਾਂਦਾ ਹੈ।

ਸਲੋਕ: ਅਤੇ ਡਖਣਾ: ਗੁਰੂ ਗ੍ਰੰਥ ਸਾਹਿਬ ਵਿੱਚ ਸਲੋਕ ਇਕ ਤਰ੍ਹਾਂ ਨਾਲ ਸਰਬ ਵਿਆਪਕ ਕਾਵਿ ਰੂਪ ਹੈ। ਇਹ ਨਿਤਨੇਮ ਦੀਆਂ ਬਾਣੀਆਂ,ਰਾਗ ਬੱਧ ਬਾਣੀ ਅਤੇ ਰਾਗ ਰਹਿਤ ਬਾਣੀ ਤਿੰਨਾਂ ਭਾਗਾਂ ਵਿੱਚ ਦਰਜ ਹੈ। ਗੁਰਬਾਣੀ ਗਾਇਨ ਕਰਨ ਵਾਲੇ ਇਸ ਦਾ ਰਾਗ ਅਤੇ ਤਾਲਬੱਧ ਗਾਇਨ ਵੀ ਕਰਦੇ ਹਨ ਅਤੇ ਉਂਜ ਵੀ ਅਲਾਪ ਵਾਂਗ ਗਾਇਨ ਕਰਦੇ ਹਨ। ਵਾਰਾਂ ਦੇ ਸਲੋਕਾਂ ਦਾ ਗਾਇਨ ਤਾਲ ਰਹਿਤ ਕੀਤਾ ਜਾਂਦਾ ਹੈ। ਮਾਰੂ ਰਾਗ ਦੀਆਂ ਵਾਰਾਂ ਵਿੱਚ ਸਲੋਕ ਦਰਜ ਕੀਤੇ ਗਏ ਹਨ।

ਡਖਣਾ ਬਾਰੇ ਸ਼ਬਦਾਰਥ[40] ਵਿੱਚ ਲਿਖਿਆ ਹੈ, ਮੁਲਤਾਨ ਸਾਹੀਵਾਲ ਆਦਿ ਜੋ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੋਂ ਦਖਣ ਵੱਲ ਦੇ ਇਲਾਕੇ ਹਨ ਉਥੋਂ ਦੀ ਬੋਲੀ ਵਿੱਚ ਜੋ ਸਲੋਕ ਜਾਂ ਦੋਹਾ ਲਿਖਿਆ ਹੈ ਉਸ ਦਾ ਨਾਮ ਡਖਣਾ ਰੱਖਿਆ ਹੈ। ਗੁਰਮਤਿ ਗਾਇਨ ਪਰੰਪਰਾ ਵਿੱਚ ਇਸ ਦਾ ਵਾਰਾਂ ਦੇ ਨਾਲ ਨਾਲ ਸੁਤੰਤਰ ਰੂਪ ਵਿੱਚ ਵੀ ਗਾਇਨ ਹੁੰਦਾ ਹੈ।

ਮਾਰੂ ਰਾਗ ਦੀ ਬਾਣੀ ਗਾਇਨ

ਰਾਗ ਮਾਰੂ ਦੀ ਬਾਣੀ ਦਾ ਗਾਇਨ ਪੁਰਾਤਨ ਕਾਲ ਤੋਂ ਹੀ ਹੁੰਦਾ ਆਇਆ ਹੈ। ਇਸ ਦੇ ਕਿਰਿਆਤਮਕ ਰੂਪ ਨੂੰ ਗੁਰਮਤਿ ਸੰਗੀਤਕਾਰ ਸੀਨਾ ਬਸੀਨਾ ਸਿਖਲਾਈ ਪ੍ਰਾਪਤ ਕਰਦਿਆਂ ਸੰਭਾਲੀ ਆ ਰਹੇ ਹਨ। ਸੰਗੀਤ ਲਿਪੀ ਦੇ ਪ੍ਰਚਲਨ ਸਮੇਂ ਇਸ ਰਾਗ ਦੇ ਕਿਰਿਆਤਮਕ ਸਰੂਪ ਅਤੇ ਸ਼ਬਦ ਗਾਇਨ ਦੀਆਂ ਗੀਤਾਂ ਦੀ ਸੰਗੀਤ ਲਿਪੀ ਵੀ ਪ੍ਰਕਾਸ਼ਤ ਹੋਣੀ ਸ਼ੁਰੂ ਹੋਈ ਹੈ। ਇਸ ਸੰਬੰਧੀ ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਪ੍ਰਿੰ. ਦਿਆਲ ਸਿੰਘ, ਸੰਤ ਸਰਵਣ ਸਿੰਘ ਡੁਮੇਲੀ ਦੇ ਨਾਮ ਵ੍ਰਣਨ ਯੋਗ ਹਨ। ਮਾਰੂ ਰਾਗ ਦੇ ਕਿਰਿਆਤਮਕ ਸਰੂਪਾਂ ਵਿਚ ਭਿੰਨਤਾ ਹੈ। ਫਿਰ ਵੀ ਸਮੇਂ ਸਮੇਂ ਵਿਦਵਾਨ ਇਸ ਦਾ ਸਰੂਪ ਨਿਰਧਾਰਤ ਕਰਨ ਦੇ ਜਤਨ ਕਰਦੇ ਰਹੇ ਹਨ। ਡਾ. ਗੁਰਨਾਮ ਸਿੰਘ ਨੇ ਆਪਣੀਆਂ ਪੁਸਤਕਾਂ - ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ ਅਤੇ ਸਿਖ ਮਿਉਜ਼ਿਕਾਲੋਜੀ ਵਿਚ ਹੋਰ ਰਾਗਾਂ ਦੇ ਸਰੂਪ ਦੇਣ ਦੇ ਨਾਲ ਨਾਲ ਮਾਰੂ ਰਾਗ ਦੇ ਸਰੂਪਾਂ ਨੂੰ ਵੀ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪੁਰਾਤਨ ਸੰਗੀਤ ਗ੍ਰੰਥਾਂ ਵਿਚ ਰਾਗ ਮਾਰੂ ਨੂੰ ਮਾਰੁਵ, ਮਾਰਵਾ, ਮਾਰਵਿਕ ਆਦਿ ਨਾਵਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਰਾਗ ਨਾਮ ਨਾਲ ਦਰਜ ਹੈ। ਗੁਰਮਤਿ ਸੰਗੀਤ ਵਿਚ ਪ੍ਰਾਣੀ ਦੇ ਅਕਾਲ ਚਲਾਣੇ ਉਪਰ ਜਦ ਤਕ ਦੇਹ ਅਜੇ ਘਰ ਵਿਚ ਹੁੰਦੀ ਹੈ। ਮਾਰੂ ਦੇ ਸ਼ਬਦ, ਮਾਰੂ ਦੀ ਵਾਰ ਅਕਸਰ ਰਬਾਬੀ ਲਾਉਂਦੇ ਹਨ।[41] ਇਹ ਰਾਗ ਪ੍ਰਾਚੀਨ ਹੋਣ ਕਾਰਨ ਇਸਦੇ ਕਈ ਰੂਪ ਪ੍ਰਚਾਰ ਵਿਚ ਹਨ।

1 ਭਾਈ ਕਾਨ੍ਹ ਸਿੰਘ ਨਾਭਾ[42] ਅਨੁਸਾਰ, "ਇਹ ਸ਼ਾੜਵ ਜਾਤੀ ਦਾ ਰਾਗ ਹੈ। ਇਸ ਵਿਚ ਪੰਚਮ ਵਰਜਿਤ ਹੈ। ਸ਼ੜਜ, ਗੰਧਾਰ, ਧੈਵਤ ਅਤੇ ਨਿਸ਼ਾਦ ਸ਼ੁਧ, ਰਿਸ਼ਬ ਕੋਮਲ ਅਤੇ ਮਧਿਅਮ ਤੀਬਰ ਲਗਦਾ ਹੈ। ਗੰਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ। (ਕਈ ਸੰਗੀਤ ਗ੍ਰੰਥਾਂ ਨੇ ਇਸਨੂੰ ਸੰਪੂਰਨ ਰਾਗ ਲਿਖਿਆ ਹੈ ਅਤੇ ਸਾਰੇ ਸੁਰ ਸ਼ੁਧ ਲਿਖੇ ਹਨ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਰਾਗ ਦਾ ਇਕੀਵਾਂ ਨੰਬਰ ਹੈ। ਇਹ ਰਾਗ ਯੁਧ ਅਤੇ ਚਲਾਣੇ ਸਮੇਂ ਖਾਸ ਕਰਕੇ ਦਿਨ ਦੇ ਤੀਜੇ ਪਹਿਰ ਸਾਧਾਰਨ ਗੀਤੀ ਅਨੁਸਾਰ ਗਾਇਆ ਜਾਂਦਾ ਹੈ[42]। ਇਸੇ ਸਰੂਪ ਵਿਚ ਐਚ. ਐਸ. ਬਾਲੀ ਨੇ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਮੰਨਿਆ ਹੈ।[43]

2 ਥਾਟ : ਪੂਰਵੀ, ਜਾਤੀ, : ਸੰਪੂਰਨ-ਸੰਪੂਰਣ,

ਵਾਦੀ, ਵਾਦੀ : ਰਿਸ਼ਭ, ਸੰਵਾਦੀ : ਧੈਵਤ। ਰਿਸ਼ਭ, ਧੈਵਤ ਕੋਮਲ ਦੋਵੇਂ ਮਧਿਅਮ, ਸਮਾਂ : ਦਿਨ ਦਾ ਚੌਥਾ ਪਹਿਰ, ਆਰੋਹ : ਸ ਰੇ ਗ ਮੇ, ਮ, ਧੁ ਨੀ ਸਂ

ਅਵਰੋਹ : ਸਂ ਨੀ ਧੁ ਪ ਮੇ ਮ ਗ ਰੇ ਸ[44]

3 ਕੁਝ ਸੰਗੀਤਾਚਾਰਿਆਂ ਨੇ ਮਾਰੂ ਰਾਗ ਦੇ ਇਸ ਪ੍ਰਕਾਰ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਹੈ, ਇਸ ਰਾਗ ਵਿਚ ਸਭ ਸੁਰ ਸ਼ੁਧ ਲੱਗਦੇ ਹਨ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ। ਇਸ ਲਈ ਜਾਤੀ ਔੜਵ-ਸੰਪੂਰਣ ਹੈ। ਮਾਰੂ ਦਾ ਇਹ ਪ੍ਰਕਾਰ ਮਾਰੂ ਬਿਹਾਗ ਦੇ ਕਾਫੀ ਨਿਕਟ ਹੈ ਪਰੰਤੂ ਬਿਹਾਗ ਵਿਚ ਦੋਵੇਂ ਮਧਿਅਮ ਲਗਦੇ ਹਨ ਅਤੇ ਇਸ ਵਿਚ ਕੇਵਲ ਸ਼ੁੱਧ ਮਧਿਅਮ ਦਾ ਹੀ ਪ੍ਰਯੋਗ ਹੁੰਦਾ ਹੈ ਜਿਸ ਕਾਰਣ ਦੋਹਾਂ ਰਾਗਾਂ ਵਿਚ ਭਿੰਨਤਾ ਸਪੱਸ਼ਟ ਹੋ ਜਾਂਦੀ ਹੈ।

ਆਰੋਹ : ਸ ਮ, ਮ ਗ, ਗ ਮ ਪ ਨੀ ਸਂ

ਅਵਰੋਹ : ਸਂ ਨੀ ਧ ਪ, ਪ ਗ, ਮ ਗ, ਸ ਰੇ ਸ

ਮੁੱਖ ਅੰਗ : ਸ ਰੇ ਸ ਨੀ, ਸ ਮ, ਮ ਗ, ਨੀ ਪ, ਧਮ, ਪ ਗ, ਸ ਰੇ ਸ।

4. ਥਾਟ : ਖਮਾਜ, ਜਾਤੀ : ਔੜਵ-ਵਕਰ ਸੰਪੂਰਣ, ਵਾਦੀ-ਗੰਧਾਰ, ਸੰਵਾਦੀ : ਨਿਸ਼ਾਦ

ਸੁਰ : ਦੋਵੇਂ ਨਿਸ਼ਾਦ, ਵਰਜਿਤ ਸੁਰ : ਆਰੋਹ ਵਿਚ ਰਿਸ਼ਭ ਅਤੇ ਧੈਵਤ

ਸਮਾਂ : ਦਿਨ ਦਾ ਤੀਸਰਾ ਪਹਿਰ

ਇਸ ਰਾਗ ਦੇ ਅਧੀਨ ਆਲਾਪ ਵੇਲੇ ਸ਼ੜਜ ਸੁਰ ਕਣ ਰੂਪ ਵਿਚ ਜਾਂਦਾ ਹੈ। ਰਿਸ਼ਭ ਸੁਰ ਦਾ ਅਲਪਤਵ ਕਰਕੇ ਇਸਨੂੰ ਕਦੇ ਕਦੇ ਗੁਪਤ ਢੰਗ ਨਾਲ ਮੀਂਡ ਦੁਆਰਾ ਲਏ ਜਾਣ ਦੀ ਪਰੰਪਰਾ ਵੀ ਹੈ।

ਆਰੋਹ : ਨੀ. ਸ, ਗ ਪ ਨੀ ਸਂ

ਅਵਰੋਹ : ਸਾਂ ਨੁੀ ਧ, ਪ ਧ ਮ, ਮ ਪ ਗ, ਸ

ਮੁੱਖ ਅੰਗ : ਨੁੀ ਧ ਪ, ਧ ਮ, ਮ ਪ ਗ ਸ[38]

ਇਸ ਸਰੂਪ ਵਿਚ ਭਾਈ ਅਵਤਾਰ ਸਿੰਘ, ਭਾ. ਗੁਰਚਰਨ ਸਿੰਘ ਨੇ ਸੰਵਾਦੀ ਸੁਰ ਸ਼ੜਜ ਮੰਨਿਆ ਹੈ।[45]

5. ਰਾਗ ਮਾਰੂ ਦਾ ਨਿਮਨ ਲਿਖਿਤ ਸਰੂਪ ਵਰਤਮਾਨ ਸਮੇਂ ਪ੍ਰਵਾਣਿਤ ਮੰਨਿਆ ਜਾਂਦਾ ਹੈ। ਰਾਗ ਨਿਰਣਾਇਕ ਕਮੇਟੀ ਦੁਆਰਾ ਨਿਰਧਾਰਿਤ ਇਸ ਸਰੂਪ ਦਾ ਕੀਰਤਨੀਏ ਵਿਵਹਾਰਕ ਰੂਪ ਵਿਚ ਗਾਇਨ ਕਰ ਰਹੇ ਹਨ।

ਸੁਰ : ਦੋਵੇਂ ਮਧਿਆਮ, ਦੋਵੇਂ ਧੈਵਤ, ਦੋਵੇਂ ਨਿਸ਼ਾਦ, ਜਾਤੀ : ਸ਼ਾੜਵ -ਸੰਪੂਰਣ

ਵਾਦੀ : ਗੰਧਾਰ, ਸੰਵਾਦੀ : ਨਿਸ਼ਾਦ, ਵਰਜਿਤ ਸੁਰ : ਆਰੋਹ ਵਿਚ ਰਿਸ਼ਭ

ਆਰੋਹ : ਸ ਗ ਮ ਪ, ਧ ਨੀ ਸਂ

ਅਵਰੋਹ : ਸਂ ਨੁੀ ਧ ਪ, ਮੇ ਪ ਧੁ ਨੀ ਧੁ ਪ, ਮ ਗ ਰੇ ਸ

ਪਕੜ : ਪ ਧ ਨੀ ਧ ਪ ਮ ਪ ਮ ਗ, ਪ ਧ ਪ ਗ, ਰੇ, ਗ ਰੇ ਸ[46]

21.1 **ਮਾਰੂ ਕਾਫੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਮਾਰੂ ਕਾਫੀ ਅਧੀਨ ਕੇਵਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਅੰਕਤ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਦਾ ਪਰਚਾਰ ਨਾ ਹੋਣ ਕਰਕੇ ਇਸ ਰਾਗ ਨੂੰ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੰਗਲਾਚਰਣ ਤੋਂ ਬਾਦ ਇਸ ਰਾਗ ਦਾ ਸਿਰਲੇਖ 'ਮਾਰੂ ਕਾਫੀ ਮਹਲਾ 1 ਘਰੁ 2' ਹੈ। ਰਾਗ ਦੇ ਇਸ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ, ਮਾਰੂ ਰਾਗ ਤੋਂ ਭਿੰਨ ਹੈ ਅਤੇ ਰਾਗ ਮਾਰੂ ਦਾ ਇਕ ਪ੍ਰਕਾਰ ਹੈ। ਮਾਰੂ ਤੇ ਕਾਫੀ ਦੇ ਮਧੁਰ ਮਿਸ਼ਰਣ ਤੋਂ ਉਤਪੰਨ ਇਸ ਰਾਗ ਦੇ ਦੋ ਸਰੂਪ ਇਸ ਪ੍ਰਕਾਰ ਹਨ

ਜਾਤੀ ਔੜਵ-ਵਕਰ, ਸੰਪੂਰਣ, ਵਾਦੀ : ਪੰਚਮ, ਸੰਵਾਦੀ : ਸ਼ੜਜ,

ਸਮਾਂ : ਰਾਤ ਦਾ ਪਹਿਲਾ ਪਹਿਰ

ਸੁਰ ਦੋਨੋ ਗੰਧਾਰ, ਦੋਨੋ ਨਿਸ਼ਾਦ, ਵਰਜਿਤ

ਸੁਰ : ਆਰੋਹ ਵਿਚ ਰਿਸ਼ਭ ਧੈਵਤ

ਆਰੋਹ : ਨ.ੀ ਸ ਗ ਮ ਪ ਨੀ ਸਂ

ਅਵਰੋਹ : ਸਂ ਨੀ ਪ, ਪ ਮ ਪ ਗ, ਮ ਗੁ, ਸ ਰੇ ਸ

ਪਕੜ : ਸ ਗ ਮ ਪ, ਧ ਮ ਪ ਗ, ਮ ਗੁ, ਸ ਰੇ ਸ

2. ਰਾਗ ਨਿਰਣਾਇਕ ਕਮੇਟੀ[47] ਅਤੇ ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਨਾਲ ਜੁੜ ਹੋਏ ਕੁਝ ਕੀਰਤਨਕਾਰਾਂ ਨੇ ਮਾਰੂ ਰਾਗ ਦੇ ਨਿਮਨ ਲਿਖਤ ਸਰੂਪ ਨੂੰ ਪ੍ਰਵਾਣਿਤ ਕੀਤਾ ਹੈ:

ਜਾਤੀ ਸੰਪੂਰਣ, ਵਾਦੀ : ਪੰਚਮ, ਸੰਵਾਦੀ : ਸੜਜ,

ਸਮਾਂ : ਰਾਤ ਦਾ ਪਹਿਲਾ ਪਹਿਰ

ਸੁਰ ਦੋਨੋ ਗੰਧਾਰ, ਦੋਨੋਂ ਮਧਿਅਮ ਦੋਨੋ ਨਿਸ਼ਾਦ, ਬਾਕੀ ਸ਼ੁਧ, ਵਰਜਿਤ ਸੁਰ: ਕੋਈ ਨਹੀਂ।

ਆਰੋਹ : ਸ ਗ ਮ ਪ, ਪ ਮਂ ਪ, ਧ ਮ ਪ, ਧ ਸਂ ਨੀ ਸਂ

ਅਵਰੋਹ : ਸ ਨੁੀ ਧ ਪ, ਧ ਪ ਗੁ ਰੇ, ਪ ਗ ਰੇ ਨੁ.ੀ ਸ

ਪਕੜ : ਪ ਗ ਮ ਪ, ਪ ਧ ਪ ਗ ਮਪ, ਪ ਮ ਪ,

ਨੀ ਧ ਪ, ਮ ਪ ਗ ਰੇ ਸ

21.2 ਮਾਰੂ ਦੱਖਣੀ : ਗੁਰਮਤਿ ਸੰਗੀਤ ਵਿਚ ਮਾਰੂ ਅਧੀਨ ਅੰਕਤ ਰਾਗ ਮਾਰੂ ਦੱਖਣੀ ਵਿਚ ਨਾਨਕ ਦੇਵ ਜੀ ਨੇ ਬਾਣੀ ਉਚਾਰੀ।[48] ਸ਼ਾਸਤਰਕਾਰਾਂ ਨੇ ਇਸ ਰਾਗ ਦਾ ਨਿਮਨ ਲਿਖਤ ਸਰੂਪ ਸਵੀਕਾਰਿਆ ਹੈ।

ਥਾਟ : ਮਾਯਾਮਾਲਵਗੌੜ, ਵਾਦੀ : ਧੈਵਤ,

ਸੰਵਾਦੀ : ਰਿਸ਼ਭ

ਜਾਤੀ : ਸ਼ਾੜਵ-ਵਕਰ ਸੰਪੂਰਣ,

ਸਮਾਂ : ਸਵੇਰੇ (ਪਹਿਲਾ ਪਹਿਰ)

ਆਰੋਹ : ਸ ਗ, ਮ ਪ ਧੁ, ਨੀ ਧੁ ਪ ਸਂ

ਅਵਰੋਹ : ਸਂ ਨੀ ਧੁ, ਮ ਧੁ ਮ ਪ, ਮ ਗ ਰੇੁ, ਸ

ਪਕੜ : ਨੀ ਧੁ, ਪ, ਮ ਧੁ ਮ ਪ, ਮ ਗ ਰੇੁ ਸ

ਰਾਗ ਨਿਰਣਾਇਕ ਕਮੇਟੀ[49] ਅਤੇ ਗੁਰਮਤਿ ਸੰਗੀਤ ਪਰੰਪਰਾ ਦੇ ਵਿਦਵਾਨਾਂ ਨੇ ਵੀ ਰਾਗ ਮਾਰੂ ਦੱਖਣੀ ਦੇ ਉਕਤ ਸਰੂਪ ਨੂੰ ਮਾਨਤਾ ਦਿੱਤੀ ਹੈ।

ਮਾਰੂ ਰਾਗ ਵਿਚ ਮਾਰੂ ਰਾਗ ਦੀ ਬਾਣੀ ਦਾ ਵੱਖ ਵੱਖ ਤਾਲਾਂ ਵਿਚ ਭਰਪੂਰ ਗਾਇਨ ਹੋਇਆ ਹੈ। ਵਖ ਵਖ ਗੁਰਮਤਿ ਸੰਗੀਤਕਾਰਾਂ ਨੇ ਅਨੇਕਾਂ ਸ਼ਬਦਾਂ ਦੀਆਂ ਸੰਗੀਤ ਲਿਪੀਆਂ ਦਰਜ ਕੀਤੀਆਂ ਹਨ। ਵੱਖ ਵੱਖ ਬਾਣੀਕਾਰਾਂ ਦੇ ਸ਼ਬਦਾਂ ਅਨੁਸਾਰ ਉਹਨਾਂ ਦਾ ਵਰਣਨ ਦੇ ਰਹੇ ਹਾਂ।

ਗੁਰੂ ਨਾਨਕ ਦੇਵ ਜੀ :-

1. ਆਵਉ ਵੰਞਉ ਡੁਮਣੀ - ਤਿੰਨ ਤਾਲ[50]

2. ਕਾਇਆ ਨਗਰ ਨਗਰ ਗੜ ਅੰਦਰ - ਤਿੰਨ ਤਾਲ[51]

ਗੁਰੂ ਅਮਰ ਦਾਸ ਜੀ :-

1. ਆਪੇ ਕਰਣੀ ਕਾਰ ਆਪ-ਇਕ ਤਾਲ[52]

ਗੁਰੂ ਰਾਮ ਦਾਸ ਜੀ :-

ਮੇਰੇ ਮਨ ਨਾਮ ਜਪਤ ਉਧਰੇ - ਤਿੰਨ ਤਾਲ[53]

ਗੁਰੂ ਤੇਗ ਬਹਾਦਰ ਜੀ :-

1. ਹਰਿ ਕੋ ਨਾਮ ਸਦਾ ਸੁਖ ਦਾਈ-ਤਿੰਨਤਾਲ[54]

2. ਅਬ ਮੈ ਕਹਾ ਕਰਉ ਰੀ ਮਾਈ - ਤਿੰਨ ਤਾਲ[55]

3. ਮਾਈ ਮੈ ਮਨ ਕੋ ਮਾਨ ਨ ਤਿਆਗਿਓ - ਤਿੰਨ ਤਾਲ[56]

*ਭਗਤ ਕਬੀਰ ਜੀ :*

1. ਪੰਡੀਆ ਕਵਨ ਕੁਮਤਿ ਤੁਮ ਲਾਗੇ- ਤਿੰਨ ਤਾਲ[57]

2. ਗਗਨ ਦਮਾਮਾ ਬਾਜਿਓ - ਤਿਨ ਤਾਲ[58]

ਭਗਤ ਨਾਮਦੇਵ ਜੀ :-

1. ਰਾਜਾ ਨਾਮ ਜਪਤ ਕੋ ਕੋ ਨਾ ਤਰਿਓ- ਤਿਨ ਤਾਲ[59]

2. ਮੂਰਖ ਮਨ ਕਾਹੇ ਕਰਸਹਿ ਮਾਣਾ - ਤਲਵਾੜਾ[60]

ਭਗਤ ਜੈ ਦੇਉ ਜੀ :-

1. ਮਨ ਆਦਿ ਗੁਣ ਆਦਿ ਵਖਾਣਿਆ - ਤਿੰਨ ਤਾਲ[61]

ਭਗਤ ਰਵੀਦਾਸ ਜੀ : -

1. ਐਸੀ ਲਾਲ ਤੁਝ ਬਿਨੁ ਕਉਨੁ ਕਰੇ -ਤਿੰਨ ਤਾਲ[62]

ਸਮੂਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੰਗੀਤ ਸਿਖ ਪਰੰਪਰਾ ਵਿਚ ਮਾਰੂ ਰਾਗ ਬੜਾ ਮਹੱਤਵਪੂਰਨ ਹੈ। ਇਸ ਰਾਗ ਵਿਚ ਰਚੀ ਬਾਣੀ ਅਤੇ ਰਾਗ ਦਾ ਨੇੜਲਾ ਸੰਬੰਧ ਹੈ। ਇਸ ਰਾਗ ਦੀ ਬਾਣੀ ਗਾਇਨ ਇਸੇ ਰਾਗ ਵਿਚ ਹੁੰਦਾ ਹੈ। ਭਾਵੇਂ ਅਜਕਲ੍ਹ ਕੁਝ ਰਾਗੀ ਇਸ ਰਾਗ ਦੇ ਸ਼ਬਦਾਂ ਨੂੰ ਹੋਰ ਰਾਗਾਂ ਵਿਚ ਵੀ ਗਾਇਨ ਕਰਨ ਦੀ ਖੁੱਲ੍ਹ ਲੈ ਲੈਂਦੇ ਹਨ।

## *ਫੁਟ ਨੋਟ ਅਤੇ ਹਵਾਲੇ*


1. ਭਰਤ ਕਾ ਸੰਗੀਤ ਸਿਧਾਂਤ, ਪੰਨਾ-270
2. ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ, ਪੰਨਾ-84
3. ਕ੍ਰਮਕ ਪੁਸਤਕ ਮਲਿਕਾ (ਪਾਂਚਵੀਂ ਪੁਸਤਕ), ਪੰਨਾ-37
4. ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ, 'ਨਿਬੰਧ ਸੰਗੀਤ' ਪੰਨਾ-437
5. ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ, ਪੰਨਾ-131
6. ਸੁਨ ਕੇ ਸੁਧ ਨ ਰਹੇ ਕਾਯਰ ਕੀ ਜਬ ਬਾਜੇ ਧੁਨ ਮਾਰੂ। ਹਵਾਲਾ-ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ ਚੌਥਾ), ਪੰਨਾ-3
7. ਮਹਾਨ ਕੋਸ਼, ਪੰਨਾ-966
8. ਹਿੰਦੀ ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਯ ਮੇਂ ਸੰਗੀਤ ਚਿਤਰ ਨੰ:3
9. ਸਲੋਕ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1425
10. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-993
11. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1042
12. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1022
13. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1028

14. ਮਾਰੂ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1082
15. ਮਾਰੂ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1017
16. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1022
17. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1040
18. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1028
19. ਮਾਰੂ ਮਹਲ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1082
20. ਮਾਰੂ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1082
21. ਡਖਣੇ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1096
22. ਸਲੋਕ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1102
23. ਸਲੋਕ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1105
24. ਭਗਤ ਨਾਮ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1105
25. ਮਾਰੂ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1000
26. ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1103
27. ਮਾਰੂ ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-989
28. ਮਾਰੂ ਅੰਜਲੀ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1007
29. ਮਾਰੂ ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1019
30. ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1104
31. ਭਾਰਤੀਯ ਸੰਗੀਤ ਕੋਸ਼, ਪੰਨਾ 10
32. ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਪੰਨਾ 132
33. ਗੁਰੂ ਅਮਰ ਦਾਸ ਰਾਗ ਰਤਨਾਵਲੀ, ਪੰਨਾ 132
34. ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 100
35. ਮਹਾਨ ਕੋਸ਼, ਪੰਨਾ 1014
36. ਭਾਰਤੀ ਸੰਗੀਤ ਕੋਸ਼, ਪੰਨਾ 65
37. ਭਾਤਖੰਡੇ ਸੰਗੀਤ ਸ਼ਾਸਤਰ, ਪੰਨਾ 52
38. ਹਵਾਲਾ, ਗੁਰਬਾਣੀ, ਪੰਨਾ 357
39. ਗੁਰਮਤ ਪ੍ਰਭਾਕਰ, ਪੰਨਾ 355
40. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1094
41. ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ, ਪੰਨਾ 31
42. ਮਹਾਨ ਕੋਸ਼, ਪੰਨਾ 966
43. ਸੰਗੀਤ ਪ੍ਰਕਾਸ਼, ਪੰਨਾ 150,
ਹਵਾਲਾ ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ
44. ਰਾਗ ਕੋਸ਼, ਪੰਨਾ 35
45. ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ
ਭਾਗ ਦੂਜਾ, ਪੰਨਾ 1014
46. ਗ੍ਰੰਥ, ਸਿਮਰਤੀ ਅਦੁਤੀ ਗੁਰਮਤਿ ਸੰਗੀਤ ਸੰਮੇਲਨ 1491,
ਪੰਨਾ 13
47. ਵਿਸਮਾਦ ਨਾਦ (ਗੁਰਮਤਿ ਸੰਗੀਤ ਵਿਸ਼ੇਸ਼ ਅੰਕ), ਪੰਨਾ 124
48. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1033
49. ਵਿਸਮਾਦ ਨਾਦ (ਗੁਰਮਤਿ ਸੰਗੀਤ ਵਿਸ਼ੇਸ਼ ਅੰਕ) ਪੰਨਾ 124
50. ਸਿਖ ਮਿਊਜ਼ੀਕਾਲੋਜੀ, ਪੰਨਾ 211
51. ਸਿਖ ਮਿਊਜ਼ੀਕਾਲੋਜੀ, ਪੰਨਾ 215
52. ਗੁਰੂ ਅਮਰ ਦਾਸ ਰਾਗ ਰਤਨਾਵਲੀ, ਪੰਨਾ 86
53. ਗੁਰੂ ਰਾਮ ਦਾਸ ਰਾਗ ਰਤਨਾਵਲੀ ਪੰਨਾ 332
54. ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 138
55. ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 140
56. ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 142
57. ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ, ਪੰਨਾ 581
58. ਨਵੀਨ ਗੁਰਮਤਿ ਸੰਗੀਤ, ਪੰਨਾ 140
59. ਭਗਤ ਰਾਗ ਰਤਨਾਵਲੀ, ਪੰਨਾ 68
60. ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ, ਪੰਨਾ 574
61. ਭਗਤ ਰਾਗ ਰਤਨਾਵਲੀ, ਪੰਨਾ 117
62. ਭਗਤ ਰਾਗ ਰਤਨਾਵਲੀ, ਪੰਨਾ 95

# ਸੰਗੀਤ ਸਾਜ਼ਾਂ ਦੀ ਚੋਣ - ਨਾਰੀ ਦ੍ਰਿਸ਼ਟੀਕੋਣ

**ਗੌਰੀ**

ਧੰਨਵਾਦ ਸਹਿਤ 'ਵਰਿਆਮ' ਪੱਤ੍ਰਿਕਾ 'ਚੋਂ

ਪ੍ਰਾਚੀਨ ਕਾਲ ਤੋਂ ਸੰਗੀਤ ਦੇ ਸਾਜ਼ਾਂ ਦਾ ਬਹੁਤ ਮਹੱਤਵ ਰਿਹਾ ਹੈ। ਗੀਤ ਅਨੁਰੰਜਨ ਲਈ ਵਾਦਨ ਦੀ ਪਰੰਪਰਾ ਅੱਜ ਤੱਕ ਲਗਾਤਾਰ ਚਲੀ ਆ ਰਹੀ ਹੈ। ਵਾਦ ਵਾਦਨ (ਸਾਜ਼ਾਂ ਦੇ ਵਜਾਉਣ) ਵਿਚ ਸੰਗੀਤ ਦੇ ਸੰਪੂਰਨ ਤੱਤ ਸ਼ਾਮਲ ਹਨ। ਸਾਜ਼ਾਂ ਵਿਚ ਸੁਰ ਅਤੇ ਲੈਅ ਦੁਆਰਾ ਬਿਨਾ ਕਿਸੇ ਹੋਰ ਸਹਾਇਕ ਕਲਾ ਤੋਂ ਸ੍ਰੋਤਿਆਂ ਨੂੰ ਮੰਤਰ ਮੁਗਧ ਕਰਕੇ ਕਲਾਮਈ ਰਸਾਸਵਾਦਨ ਕਰੌਣ ਦੀ ਅਪੂਰਵ ਸਮਰਥਾ ਹੈ। ਪੁਰਾਣੇ ਸਮਿਆਂ ਤੋਂ ਹੀ ਸੰਗੀਤ ਦੇ ਕਲਾਤਮਿਕ ਪ੍ਰਗਟਾਵੇ ਲਈ ਚਾਰ ਪ੍ਰਕਾਰ ਦੇ ਸਾਜ਼ਾਂ ਦੀ ਵਰਤੋਂ ਹੁੰਦੀ ਸੀ। ਵੈਦਿਕ ਯੁੱਗ ਵਿਚ ਤੰਤੀ ਸਾਜ਼ਾਂ ਵਿਚ ਵੀਣਾ ਦਾ ਸਭ ਤੋਂ ਮਹੱਤਵਪੂਰਨ ਸਥਾਨ ਸੀ। ਅਵਨਦ (ਚਮੜੇ ਵਾਲੇ) ਸਾਜ਼ਾਂ ਵਿਚੋਂ ਦੁੰਦੁਭਿ ਅਤੇ ਭੂਮਿ ਦੁੰਦੁਭਿ ਸਾਜ਼ਾਂ ਦਾ ਪਰਚਾਰ ਸੀ। ਸੁਸ਼ਿਰ (ਹਵਾ ਵਾਲੇ) ਸਾਜ਼ਾਂ ਵਿਚ ਸੰਖ ਅਤੇ ਬੰਸਰੀ ਦਾ ਸਥਾਨ ਸਭ ਤੋਂ ਉੱਪਰ ਸੀ ਅਤੇ ਘਣ ਸਾਜ਼ਾਂ ਦੇ ਅੰਤਰਗਤ ਲੈਅ ਸੰਬੰਧੀ ਸਾਜ ਮੰਜੀਰਾਂ, ਛੈਣੇ, ਖੜਤਾਲਾਂ ਝਾਂਜਰਾਂ ਆਦਿ ਆਉਂਦੇ ਹਨ।

ਬਹੁਤ ਸਾਰੇ ਸਾਜ਼ਾਂ ਦਾ ਇਕੱਠਾ ਵਾਦਨ ਪ੍ਰਾਚੀਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ ਅਤੇ ਇਸ ਵਰਿੰਦ-ਵਾਦਨ (ਸਮੂਹ ਵਾਦਨ) ਵਿਚ ਔਰਤਾਂ ਦੇ ਯੋਗਦਾਨ ਦਾ ਪ੍ਰਮਾਣ ਵੱਖ-ਵੱਖ ਗ੍ਰੰਥਾਂ ਵਿਚ ਮਿਲਦਾ ਹੈ। ਸ਼ਿਵ ਪ੍ਰਦੋਸ਼ ਸਤੋਗ ਵਿਚ ਉਲੇਖ ਹੈ ਕਿ ਜਦੋਂ ਭਗਵਾਨ ਸ਼ੰਕਰ ਨ੍ਰਿਤ ਕਰਦੇ ਸਨ ਉਸ ਸਮੇਂ ਸਰਸਵਤੀ ਵੀਣਾ ਵਜਾਉਂਦੀ ਸੀ। ਇੰਦਰ ਵੇਨੁ (ਬੰਸਰੀ) ਵਜਾਉਂਦਾ ਸੀ, ਬ੍ਰਹਮਾ ਅਤੇ ਵਿਸ਼ਨੂੰ ਕਰਤਾਲ ਵਜਾਉਂਦੇ ਸਨ ਅਤੇ ਲਕਸ਼ਮੀ ਗੀਤ ਗਾਉਂਦੀ ਸੀ।

ਵੈਦਿਕ ਕਾਲ ਤੋਂ ਹੀ ਗਾਇਨ, ਵਾਦਨ ਅਤੇ ਨ੍ਰਿਤ ਵਿਚ ਨਾਰੀਆਂ ਦੀ ਰੁਚੀ ਦਾ ਵਰਨਣ ਮਿਲਦਾ ਹੈ। ਨਾਰੀਆਂ ਦੇ ਵਾਦ ਵਾਦਨ (ਸਾਜ਼ ਵਜਾਉਣ) ਦੀ ਵਿਵੇਚਨਾ (ਨਖੇੜੇ) ਨੂੰ ਅਸੀਂ ਤਿੰਨ ਕਾਲ-ਭਾਗ ਵਿਚ ਵੰਡ ਸਕਦੇ ਹਾਂ।

1. ਵੈਦਿਕ ਕਾਲ
2. ਮੱਧ ਕਾਲ
3. ਆਧੁਨਿਕ ਕਾਲ

1. ਵੈਦਿਕ ਕਾਲ- ਵੈਦਿਕ ਕਾਲ ਵਿਚ ਨ੍ਰਿਤ ਅਤੇ ਗੀਤਾਂ ਦੀ ਸੰਗਤ ਦੇ ਲਈ ਵੀਣਾ, ਮ੍ਰਿਦੰਗ ਆਦਿ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਰਮਾਇਣ, ਮਹਾਭਾਰਤ, ਹਰਿਵੰਸ਼ ਆਦਿ ਵਿਚ ਵਿਸ਼ੇਸ਼ ਅਵਸਰ ਅਨੁਕੂਲ ਸਾਜ਼ਾਂ ਦੇ ਉਪਯੋਗ ਬਾਰੇ ਦੱਸਿਆ ਗਿਆ ਹੈ। ਯੱਗ ਦੇ ਅਵਸਰ ਤੇ ਸਾਮ ਗਾਨ ਦੇ ਨਾਲ ਦਸ ਪ੍ਰਕਾਰ ਦੀਆਂ ਵੀਣਾਵਾਂ ਦਾ ਸਮੂਹ ਵਾਦਨ ਹੁੰਦਾ ਸੀ। ਇਹਨਾਂ ਵਾਦ ਵਰਿੰਦਾ ਵਿਚ ਔਰਤਾਂ ਵੀ ਵੀਣਾ ਵਜਾਉਂਦੀਆਂ ਸਨ।

ਪ੍ਰਾਚੀਨ ਗੁਫਾਵਾਂ ਦੇ ਸ਼ਿਲਪ, ਭਿਤੀ ਚਿੱਤਰਾਂ ਅਤੇ ਅਜੰਤਾ ਗੁਫਾਵਾਂ ਵਿਚ ਵੀ ਕੁਝ ਮਹਿਲਾਵਾਂ ਨੂੰ ਨ੍ਰਿਤ ਕਰਦੇ ਹੋਏ ਤੇ ਬਾਕੀ ਮਹਿਲਾਵਾਂ ਨੂੰ ਵਰਿੰਦ-ਵਾਦਨ ਕਰਦੇ ਹੋਏ ਦੱਸਿਆ ਗਿਆ ਹੈ। ਅਮਰਾਵਤੀ ਦੇ ਇਕ ਮੰਦਰ ਵਿਚ ਇਸ ਸ਼ਿਲਪ ਵਿਚ ੧੮ ਨਾਰੀ ਵਾਦਿਕਾਵਾਂ ਦਾ ਚਿੱਤਰਣ ਹੈ। ਇਨ੍ਹਾਂ ਉਦਾਹਰਨਾਂ ਤੋਂ ਇਹ ਕਲਪਨਾ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਕਿ ਔਰਤਾਂ ਦੀ ਰੁਚੀ ਸਾਜ਼ ਵਜਾਉਣ ਵਿਚ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ।

ਕੇਵਲ ਭਾਰਤ ਵਿਚ ਹੀ ਨਹੀਂ ਬਲਕਿ ਦੂਸਰੇ ਦੇਸ਼ਾਂ ਵਿਚ ਵੀ ਬੀਬੀਆਂ ਨੇ ਸਾਜ਼ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਸ੍ਰੀਮਤੀ ਕ੍ਰਿਸ਼ਨਾ ਬਿਸ਼ਟ ਨੇ ਆਪਣੇ ਲੇਖ ਵਿਚ ਇਸਤਰੀਆਂ ਦੀ ਪ੍ਰਾਚੀਨਤਮ ਸੰਗੀਤਕ ਗਤੀਵਿਧੀਆਂ 'ਤੇ ਪ੍ਰਕਾਸ਼ ਪਾਇਆ ਹੈ।

ਸੰਨ ੮੮੩-੮੫੯ ਈ. ਪੂ. ਵਿਚ ਅਸ਼ੂਰ ਨਾਸਿਰਪਾਲ ਦੇ ਦਰਬਾਰ ਵਿਚ ਗਾਇਨ ਹੋਇਆ ਕਰਦਾ ਸੀ। ਜਿਸ ਵਿਚ ਨਾਰੀ ਸੰਗੀਤਕਾਰ ਵੀ ਸਨ। ਮੈਸੋਪੋਟਾਮਿਆ ਵਿਚ ਅਨੇਕ ਮੰਦਰ ਸਨ ਜਿਥੇ ਪੁਰੋਹਿਤਾਂ ਦੀ ਇਕ ਨਿਸ਼ਚਿਤ ਸੰਖਿਆ ਹੁੰਦੀ ਸੀ ਜੋ ਸੰਗੀਤਕਾਰ ਵੀ ਸਨ ਅਤੇ ਉਹਨਾਂ ਦੇ ਨਾਲ ਨਾਰੀ ਸੰਗੀਤਕਾਰ ਵੀ ਸਨ। ਇਕ ਸੰਕੇਤ ਮਿਲਦਾ ਹੈ ਕਿ ਔਰਤਾਂ ਵਾਦ ਯੰਤਰ (ਸਾਜ਼) ਵਜਾਉਂਦੀਆਂ ਸਨ। ਇਸਤਰੀ ਪੁਰੋਹਿਤ ਅਕਸਰ ਅੰਗਰੇਜ਼ੀ ਅੱਖਰ 'ਯੂ' ਅਕਾਰ ਦੀ ਲਕੜੀ ਦੇ ਤੰਤੀ ਵਾਦ ਵਜਾਉਂਦੀਆਂ ਸਨ। ਅਰਬ ਦੀ 'ਉਵੈਦਾ' ਪ੍ਰਸਿੱਧ ਤੂੰਬੂਰ ਵਾਦਿਕਾ ਸੀ। ਚੀਨੀ ਯੁਵਤੀਆਂ ਉਸ ਪ੍ਰਾਚੀਨ ਕਾਲ ਵਿਚ ਕੁਸ਼ਲ ਵਾਦਿਕਾਵਾਂ ਸਨ। ਕੁਮਾਰੀ 'ਸੂ' ਅੱਛੀ ਤੰਤਰ

ਵਾਦਿਕਾ ਸੀ। ਉਹ 'ਸ਼' ਨਾਮਕ ਪੰਜਾਹ ਤਾਰਾਂ ਵਾਲੇ ਤੰਤਰੀ ਸਾਜ਼ ਨੂੰ ਵਜਾਉਣ ਵਿਚ ਨਿਪੁਨ ਸੀ। ਭਾਰਤ ਵਿਚ ਵੀ ਵੈਦਿਕ ਕਾਲ ਦੇ ਵਿਚ ਉੱਚ ਅਤੇ ਨਿਮਨ ਵਰਗ ਦੀਆਂ ਮਹਿਲਾਵਾਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੀਆਂ ਸਨ। ਉਹ ਸਾਜ਼ ਵਜਾਉਣ ਵਿਚ ਭਾਗ ਲੈਂਦੀਆਂ ਸਨ। 'ਅਘਾਰੀ', 'ਪਿਛੋਲਾ' ਆਦਿ ਵੈਦਿਕ ਸਾਜ਼' ਨਾਰੀਆਂ ਕੁਸ਼ਲਤਾ ਪੂਰਵਕ ਵਜਾਉਂਦੀਆਂ ਸਨ। ਯਜਮਾਨ ਪਤਨੀਆਂ 'ਉਪਗਾਨ' ਦੇ ਨਾਲ ਵੱਖ-ਵੱਖ ਸਾਜ਼ਾਂ ਦਾ ਉਪਵਾਦਨ ਕਰਦੀਆਂ ਸਨ।

2. ਮੱਧ ਕਾਲ- ਮੱਧ ਕਾਲ ਦੇ ਵਿਚ ਮੁਸਲਮਾਨਾਂ ਦੇ ਆਉਣ ਨਾਲ ਔਰਤਾਂ ਨੂੰ ਸਾਜ਼ ਸੰਗੀਤ ਦੀ ਸਿੱਖਿਆ ਅਤੇ ਸੰਗੀਤ ਵਿਚ ਭਾਗ ਲੈਣ ਤੋਂ ਵੰਚਿਤ ਕਰ ਦਿੱਤਾ ਗਿਆ।

3. ਆਧੁਨਿਕ ਕਾਲ- ਸਵਤੰਤਰਤਾ ਪ੍ਰਾਪਤੀ ਤੋਂ ਬਾਅਦ ਸੰਗੀਤ ਦੇ ਖੇਤਰ ਵਿਚ ਨਾਰੀਆਂ ਦੇ ਅਨੁਪਾਤ ਵਿਚ ਵਾਧਾ ਹੋਇਆ। ਅੱਜ ਸੰਗੀਤ ਦੇ ਖੇਤਰ ਵਿਚ ਆਂਕੜਿਆਂ ਦੇ ਆਧਾਰ ਤੇ ਇਹ ਪਤਾ ਚਲਦਾ ਹੈ ਕਿ ਸੰਗੀਤ ਨਾਲ ਜੁੜੇ ਨਾਰੀ ਅਤੇ ਪੁਰਸ਼ਾਂ ਵਿਚ ੩:੨ ਦਾ ਅਨੁਪਾਤ ਹੈ। ਅਰਥਾਤ ਸੰਗੀਤ ਸਿੱਖਿਆ ਖੇਤਰ ਵਿਚ ਔਰਤਾਂ ਜ਼ਿਆਦਾ ਹਨ।

ਪਰ ਇਕ ਤੱਥ ਵੀ ਵਿਚਾਰ ਕਰਨ ਯੋਗ ਹੈ ਕਿ ਸੰਗੀਤ ਦੇ ਗਾਇਨ ਅਤੇ ਸਿਤਾਰ ਵਾਦਨ ਵਿਚ ਹੀ ਔਰਤਾਂ ਦੀ ਰੁਚੀ ਜ਼ਿਆਦਾ ਰਹੀ ਹੈ। ਦੂਸਰੇ ਤੰਤੀ ਸਾਜ਼ਾਂ ਅਤੇ ਅਵਨਦ ਸਾਜ਼ਾਂ (ਚਮੜੇ ਵਾਲੇ ਸਾਜ਼ਾਂ) ਵਿਚ ਔਰਤਾਂ ਦੀ ਗਿਣਤੀ ਘਟ ਹੀ ਹੈ ਅਤੇ ਇਸ ਘਟ ਗਿਣਤੀ ਦੇ ਮੂਲ ਕਾਰਣ ਵੀ ਕੁਝ ਇਸ ਤਰ੍ਹਾਂ ਹਨ :

1. ਲਗਭਗ ਸਾਰੇ ਵਿਸ਼ਵ ਵਿਦਿਆਲਿਆਂ, ਮਹਾਂਵਿਦਿਆਲਿਆਂ ਦੇ ਪਾਠਕ੍ਰਮ ਵਿਚ ਸੰਗੀਤ ਇਕ ਵਿਸ਼ੇ ਰੂਪ ਵਿਚ ਹੈ, ਜਿਸ ਵਿਚ ਜ਼ਿਆਦਾ ਤਰ ਗਾਇਨ ਅਤੇ ਸਿਤਾਰ ਵਾਦਨ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ। ਇਹ ਸਥਿਤੀ ਲਗਭਗ ਸਾਰੇ ਪ੍ਰਦੇਸ਼ਾਂ ਦੇ ਸਿੱਖਿਆ ਸੰਸਥਾਨਾਂ ਵਿਚ ਹੈ। ਅੱਜ ਦੇ ਲਗਭਗ ਸਾਰੇ ਪਬਲਿਕ ਸਕੂਲਾਂ ਵਿਚ ਅਤੇ ਮਾਧਮਿਕ (ਸੀਨੀਅਰ ਸੈਕੰਡਰੀ) ਸਕੂਲਾਂ ਵਿਚ ਗਾਇਨ ਅਤੇ ਸਿਤਾਰ ਵਾਦਨ ਦੋ ਹੀ ਐਛਿਕ (ਇਲੈਕਟਿਵ) ਵਿਸ਼ੇ ਦੇ ਰੂਪ ਵਿਚ ਵੀ ਉਪਲਬਧ ਹਨ ਇਸ ਲਈ ਦੂਸਰੇ ਸਾਜ਼ਾਂ ਵੱਲ ਜਾਣਾ ਤੇ ਉਨ੍ਹਾਂ ਨੂੰ ਵਿਸ਼ੇ ਰੂਪ ਵਿਚ ਲੈਣਾ ਅਸੰਭਵ ਹੈ।

2. ਗਾਇਨ ਅਤੇ ਸਿਤਾਰ ਦੀ ਸਿੱਖਿਆ ਪ੍ਰਾਪਤ ਕਰਕੇ ਬੀਬੀਆਂ ਆਪਣੇ ਘਰ ਵਿਚ ਹੀ ਸਿਖਾਉਣ ਦਾ ਕਾਰਜ ਕਰ ਸਕਦੀਆਂ ਹਨ। ਦੂਸਰੇ ਸਾਜ਼ਾਂ ਨੂੰ ਸਿਖਾਉਣ ਦੇ ਲਈ ਉਨ੍ਹਾਂ ਨੂੰ ਵਿਦਿਆਰਥੀ ਮਿਲਣ ਦੀ ਸੰਭਾਵਨਾ ਵੀ ਨਹੀਂ ਹੁੰਦੀ।

3. ਕੋਈ ਵੀ ਨਾਰੀ ਉਨ੍ਹਾਂ ਵਿਸ਼ਿਆਂ ਦੀ ਹੀ ਚੋਣ ਕਰਦੀ ਹੈ ਜਿਸ ਨਾਲ ਉਸਦਾ ਭਵਿੱਖ ਉੱਜਵਲ ਹੋ ਸਕੇ ਜਿਸ ਨਾਲ ਸਨਮਾਨਪੂਰਵਕ ਜੀਵਿਕਾ ਅਰਜਿਤ ਕਰ ਸਕੇ। ਦੂਸਰੇ ਸਾਜ਼ ਸਿੱਖਣ ਦੇ ਨਾਲ ਮਹਿਲਾਵਾਂ ਨੂੰ ਆਪਣਾ ਭਵਿੱਖ ਅਸੁਰੱਖਿਅਤ ਹੋ ਜਾਣ ਦਾ ਡਰ ਰਹਿੰਦਾ ਹੈ।

4. ਦੂਸਰੇ ਸਾਜ਼ਾਂ ਦੀ ਸਿੱਖਿਆ ਪ੍ਰਾਪਤ ਕਰਨ ਨਾਲ ਨਾ ਤਾਂ ਉਨ੍ਹਾਂ ਨੂੰ ਕਿਸੇ ਸਿੱਖਿਆ ਸੰਸਥਾ ਰੇਡਿਓ, ਟੀ. ਵੀ. ਆਦਿ ਵਿਚ ਨੌਕਰੀ ਮਿਲਣ ਦੀ ਆਸ ਹੁੰਦੀ ਹੈ ਅਤੇ ਨਾ ਹੀ ਮੰਚ ਤੇ ਕੋਈ ਪ੍ਰੋਗਰਾਮ ਮਿਲਣ ਦੀ ਸੰਭਾਵਨਾ ਹੁੰਦੀ ਹੈ।

5. ਸਿਤਾਰ ਵਾਦਨ ਤੋਂ ਇਲਾਵਾ ਦੂਸਰੇ ਸਾਜ਼ਾਂ ਜਿਵੇਂ ਕਿ ਸਰੋਦ, ਸਾਰੰਗੀ ਆਦਿ ਤੇ ਕੁਝ ਗਿਣੇ ਚੁਣੇ ਵਾਦਕ ਹੀ ਹਨ। ਅਰਥਾਤ ਇਨ੍ਹਾਂ ਦੇ ਸਿੱਖਿਆਕਾਰ ਘੱਟ ਹੋਣ ਕਾਰਨ ਅਤੇ ਜੋ ਹਨ ਉਹ ਘਰਾਨੇ ਨਾਲ ਸਬੰਧਤ ਹਨ ਅਤੇ ਔਰਤਾਂ ਉਨ੍ਹਾਂ ਦੇ ਪਿੱਛੇ ਪਿੱਛੇ ਘੁੰਮ ਭਟਕ ਨਹੀਂ ਸਕਦੀਆਂ। ਜਦਕਿ ਸਿਤਾਰ ਸਿਖਾਉਣ ਦੇ ਕਲਾਕਾਰ ਅਤੇ ਸਿੱਖਿਆਕਾਰ ਬਹੁਤ ਹਨ।

6. ਤਬਲਾ ਵਾਦਨ ਦੇ ਖੇਤਰ ਵਿਚ ਵੀ ਮਹਿਲਾਵਾਂ ਦੇ ਘਟ ਪ੍ਰਵੇਸ਼ ਹੋਣ ਦੇ ਕੁਝ ਮੂਲ ਕਾਰਨ ਹਨ। ਜਿਵੇਂ ਕਿ ਜਿਨਾਂ ਸਮਾਂ ਸਿਤਾਰ ਵਜਾਉਣ ਦੀ ਸਿੱਖਿਆ ਪ੍ਰਾਪਤ ਕਰਨ ਨੂੰ ਲੱਗਦਾ ਹੈ ਉਨ੍ਹਾਂ ਹੀ ਸਮਾਂ ਤਬਲਾ ਵਾਦਨ ਦੀ ਸਿੱਖਿਆ ਪ੍ਰਾਪਤ ਕਰਨ ਨੂੰ ਲੱਗਦਾ ਹੈ। ਸਿਤਾਰ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਡਿਗਰੀ ਪ੍ਰਾਪਤ ਕਰਕੇ ਔਰਤਾਂ ਮਹਾਂਵਿਦਿਆਲਿਆਂ, ਵਿਸ਼ਵ ਵਿਦਿਆਲਿਆਂ ਅਤੇ ਮਾਧਮਿਕ ਵਿਦਿਆਲਿਆਂ ਵਿਚ ਪ੍ਰਧਿਆਪਿਕਾ ਦੇ ਰੂਪ ਵਿਚ ਨਿਯੁਕਤ ਹੋ ਸਕਦੀਆਂ ਹਨ। ਜਦਕਿ ਤਬਲੇ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਮਾਤਰ ਤਬਲਾ ਵਾਦਕ ਦੇ ਪੱਦ ਤੇ ਨਿਯੁਕਤੀ ਪਾ ਸਕਦੀਆਂ ਹਨ। ਪ੍ਰਾਧਿਆਪਕ ਅਤੇ ਤਬਲਾ ਵਾਦਕ ਦੇ ਵੇਤਨਮਾਨ ਵਿਚ ਵੀ ਬਹੁਤ ਅੰਤਰ ਹੈ।

ਸੰਗੀਤ ਸਿੱਖਿਆ ਸੰਸਥਾਵਾਂ ਵਿਚ ਵਾਦਨ ਦੇ ਖੇਤਰ ਵਿਚ ਜ਼ਿਆਦਾ ਤਰ ਸਿਤਾਰ ਦੀ ਸਿੱਖਿਆ ਪ੍ਰਾਧਿਆਪਕਾਂ ਦੁਆਰਾ ਦਿੱਤੀ ਜਾਂਦੀ ਹੈ। ਜਦਕਿ ਤਬਲੇ ਦੇ ਪ੍ਰਧਿਆਪਕ ਦਾ ਕੋਈ ਸਥਾਨ ਨਹੀਂ ਹੈ। ਸਿਤਾਰ ਵਾਦਨ ਦੇ ਪ੍ਰਧਿਆਪਕਾਂ ਦੀ ਸਥਿਤੀ ਤਬਲਾ ਵਾਦਕ ਦੀ ਸਥਿਤੀ ਤੋਂ ਉਚੀ ਹੁੰਦੀ ਹੈ।

ਸਿਤਾਰ ਵਾਦਨ ਦੇ ਖੇਤਰ ਵਿਚ ਨੌਕਰੀ ਆਦਿ ਮਿਲਣ ਦੀ ਸੰਭਾਵਨਾ ਅਤੇ ਜ਼ਿਆਦਾ ਸਨਮਾਨਜਨਕ ਪਦ ਵੀ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਤਬਲਾ ਸਾਜ਼ ਦੀ ਸਿੱਖਿਆ ਸੰਸਥਾਨਾਂ ਤੋਂ ਨਾ ਪ੍ਰਾਪਤ ਹੋਣ ਕਰਕੇ ਅਲੱਗ ਤੋਂ ਗੁਰੂਆਂ ਕੋਲੋਂ ਲੈਣੀ ਪੈਂਦੀ ਹੈ ਜਿਹੜੀ ਕਿ ਔਰਤਾਂ ਲਈ ਸੁਵਿਧਾਜਨਕ ਨਹੀਂ ਹੈ।

ਇਹ ਕੁਝ ਮੂਲ ਕਾਰਨ ਹੁਣ ਕਿ ਮਹਿਲਾਵਾਂ ਤਬਲਾ ਅਤੇ ਹੋਰ ਦੂਸਰੇ ਸਾਜ਼ਾਂ ਦੀ ਜਗਾ ਸਿਤਾਰ ਵਾਦਨ ਵਿਸ਼ਾ ਲੈਣ ਲਈ ਪ੍ਰੇਰਿਤ ਹੁੰਦੀਆਂ ਹਨ।

ਅੱਜ ਅਨੇਕ ਸੰਗੀਤ ਸੰਸਥਾਵਾਂ ਵਿਚ ਮਹਿਲਾਵਾਂ ਕੁਝ ਦੂਸਰੇ ਸਾਜ਼ਾਂ ਦੀ ਸਿੱਖਿਆ ਵੀ ਲੈ ਰਹੀਆਂ ਹਨ ਅਤੇ ਆਸ ਕਰਦੇ ਹਾਂ ਕਿ ਔਰਤਾਂ ਦੂਸਰੇ ਸਾਜ਼ਾਂ ਨੂੰ ਸਿੱਖ ਕੇ ਵੀ ਆਪਣਾ ਸੰਗੀਤ ਖੇਤਰ ਵਿਚ ਇਕ ਅਲੱਗ ਸਥਾਨ ਬਨਾਉਣਗੀਆਂ।

# ਭੀ ਤੇਰੀ ਕੀਮਤਿ ਨ ਪਵੈ

ਕਰਤਾਰ ਸਿੰਘ ਨੀਲਧਾਰੀ

162 ਗਰੇਨ ਮਾਰਕੀਟ
ਮਧਿਆ ਮਾਰਗ, ਚੰਡੀਗੜ੍ਹ

ਗੁਰੂ ਗ੍ਰੰਥ ਸਾਹਿਬ ਦੇ ਵਿਚ ਰਾਗਬੱਧ ਬਾਣੀ ਦੀ ਜੁਗਤ ਸ੍ਰੀ ਰਾਗ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਰਾਗ ਦੀ ਉਪਮਾ ਵੀ ਇਸ ਤਰ੍ਹਾਂ ਦਰਜ ਹੈ:-

*ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰੁ ॥*
*ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥* (ਪੰਨਾ 83)

ਸਚੁ ਸਰੂਪ ਰੂਪੀ ਪਰਮਾਤਮਾ ਨਾਲ ਪਿਆਰ ਪੈ ਜਾਵੇ ਤਾਂ ਹੀ ਸ੍ਰੀ ਰਾਗ ਦੀ ਉਪਮਾ ਯਥਾਰਥ ਅਤੇ ਸਵੈ ਸਿੱਧ ਹੁੰਦੀ ਹੈ। ਸਚੁ ਰੂਪੀ ਹਰੀ ਦਾ ਮਨ ਵਿਚ ਵਾਸਾ ਹੋਵੇ ਅਤੇ ਦ੍ਰਿੜਤਾ ਉਸ ਅਪੰਰਪਾਰ ਨਾਲ ਅਟੱਲ ਹੋ ਜਾਵੇ। ਪੌਰਾਣਿਕ ਜੁਗਤ ਅਨੁਸਾਰ ਸ੍ਰੀ ਨਾਮ ਲਕਸ਼ਮੀ ਦਾ ਵੀ ਹੈ ਅਤੇ ਉਹ ਵਿਸ਼ਨੂੰ ਭਗਵਾਨ ਦੀ ਜੀਵਨ ਸੰਗਿਨੀ ਹੈ। ਗੁਰਸਿੱਖੀ ਵਿਚ ਮਾਇਆ ਵਿਚ ਉਦਾਸੀ ਦਾ ਸਿਧਾਂਤ ਪ੍ਰਮੁੱਖ ਰੱਖਿਆ ਗਿਆ ਹੈ ਇਸ ਲਈ ਪ੍ਰਭੂ ਪਿਆਰਿਆਂ ਦਾ ਸੰਸਾਰਕ ਜੀਵਨ ਵੀ ਖੇੜਿਆਂ ਭਰਿਆ ਤੇ ਖਿਲੰਦੜਾ ਹੀ ਲੋਚਿਆ ਗਿਆ ਹੈ। ਭੌਤਿਕ ਸੰਸਾਰ ਦੀਆਂ ਸਾਰੀਆਂ ਪ੍ਰਾਪਤੀਆਂ ਉਸ ਪਰਮਾਤਮਾ ਦੇ ਨਾਮ ਅੱਗੇ ਤੁਛ ਹਨ ਜਾਂ ਕਹਿ ਲਵੋ ਪਾਲਨਹਾਰ ਦੀ ਦਾਸੀ ਲਕਸ਼ਮੀ ਸਮਾਨ ਹੀ ਉਨ੍ਹਾਂ ਦਾ ਰੁਤਬਾ ਹੈ। ਅਜਿਹੀ ਨਿਰਲੇਪਤਾ ਦਾ ਯਥਾਰਥ ਦੱਸਣ ਵਾਲੇ ਇਸ ਸ਼ਬਦ ਦੇ ਰਹਾਓ ਦੀ ਤੁਕਾਂ ਭਾਵ ਕੇਂਦਰੀ ਜਾਂ ਸਥਾਈ ਭਾਵ ਇਸ ਤਰ੍ਹਾਂ ਦਰਜ ਹੈ-

*ਸਾਚਾ ਨਿਰੰਕਾਰੁ ਨਿਜ ਥਾਇ।*
*ਸੁਣਿ ਸੁਣਿ ਆਖਣੁ ਆਖਣਾ*
*ਜੇ ਭਾਵੈ ਕਰੇ ਤਮਾਇ ॥੧॥ ਰਹਾਓ।*

ਉਹ ਸਦੀਵੀ ਨਿਰੰਕਾਰ ਆਪਣੀ ਨਿਜਤਾ ਵਿਚ ਅਵਿਨਾਸ਼ੀ ਹੈ। ਸੁਣ ਸੁਣ ਕੇ ਹੀ ਉਸਦੇ ਬਾਰੇ ਜ਼ਿਕਰ ਬਿਰਤਾਂਤ ਕਰਦੇ ਹਨ, ਉਸਦੀ ਕਿਰਪਾ ਹੋਵੇ ਤਾਂ ਉਹ ਨਿਜ ਸਰੂਪ ਦੀ ਪਿਆਰਿਆਂ ਨੂੰ ਸੋਝੀ ਵੀ ਦੇ ਦੇਂਦਾ ਹੈ। ਭਾਵ ਜਿਹੜਾ ਉਸਦੀ ਭਗਤੀ ਵਿਚ ਲੀਨ ਹੋ ਕੇ ਅਭੇਦ ਹੋ ਜਾਂਦਾ ਹੈ ਉਹੀ ਉਸਦੇ ਰਹੱਸ ਜਾਣ ਸਕਦਾ ਹੈ ਬਾਕੀ ਸਾਰੇ ਕਿਤਾਬੀ ਤੇ ਕਾਲਪਨਿਕ ਵੇਰਵੇ ਹੀ ਹੁੰਦੇ ਹਨ।

*ਕੋਟਿ ਕੋਟੀ ਮੇਰੀ ਆਰਜਾ*
*ਪਵਣ ਪੀਆਣੁ ਅਪਿਆਉ ॥*
*ਚੰਦ ਸੂਰਜੁ ਦੁਇ ਗੁਫੈ ਨ ਦੇਖਾ*
*ਸੁਪਨੈ ਸਉਣ ਨਾ ਥਾਉ ॥*
*ਭੀ ਤੇਰੀ ਕੀਮਤਿ ਨ ਪਵੈ*
*ਹਉ ਕੇਵਡੁ ਆਖਾ ਨਾਉ ॥੧॥*

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ- ਭਾਵੇਂ ਕਈ ਕਰੋੜ ਵਰ੍ਹੇ ਮੇਰੀ ਉਮਰ ਹੋ ਜਾਵੇ ਅਤੇ ਪਵਨ ਆਹਾਰੀ ਹੋ ਕੇ ਜੀਵਨ ਗੁਜਾਰਾਂ। ਸਮਾਧੀ ਲਗਾ ਕੇ ਚੰਨ-ਸੂਰਜ ਦੀ ਹੋਂਦ ਤੋਂ ਪਰੇ ਸੁੰਨ ਸਮਾਧ ਹੋ ਜਾਵਾਂ ਜਿਥੇ ਨਾ ਨੀਂਦ ਨਾ ਸੁਪਨਾ ਹੀ ਹੁੰਦਾ ਹੈ। ਅਜਿਹਾ (ਸਿੱਧ ਯੋਗੀ) ਹੋ ਕੇ ਵੀ, ਹੇ ਪਰਮਾਤਮਾ ਤੇਰਾ ਭੇਤ ਨਹੀ ਪਾਇਆ ਜਾ ਸਕਦਾ। ਮੈਂ ਕਿਸ ਤਰ੍ਹਾਂ ਬਿਆਨ ਕਰਾਂ?

*ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥*
*ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥*
*ਭੀ ਤੇਰੀ ਕੀਮਤਿ ਨ ਪਵੈ*
*ਹਉ ਕੇਵਡ ਆਖਾ ਨਾਉ ॥੨॥*

ਬਾਰ ਬਾਰ ਕੋਹਿਆ ਜਾਵਾਂ, ਵੱਢਿਆ ਜਾਵਾਂ ਤੇ ਚੱਕੀ ਵਿਚ ਪੈ ਕੇ ਪੀਸਿਆ ਜਾਵਾਂ। ਅੱਗ ਨਾਲ ਸਾੜਿਆ ਜਾਵਾਂ ਤੇ ਰਾਖ ਵਿਚ ਰਲ ਜਾਵਾਂ। ਏਨੀ ਖੁਦੀ ਮਿਟਾ ਕੇ ਮੇਰੀ ਕੀ ਹਸਤੀ ਹੈ ਕਿ ਤੇਰੀ ਪ੍ਰਾਪਤੀ ਦਾ ਹੱਕਦਾਰ ਬਣ ਜਾਵਾਂ। ਮੈਂ ਤੇਰਾ ਨਾਮ ਕਿਸ ਤਰ੍ਹਾਂ ਆਖਾ?

*ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।*
*ਨਦਰੀ ਕਿਸੈ ਨ ਆਵਊ ਨ ਕਿਛੁ ਪੀਆ ਨ ਖਾਉ।*
*ਭੀ ਤੇਰੀ ਕੀਮਤਿ ਨ ਪਵੈ*
*ਹਉ ਕੇਵਡ ਆਖਾ ਨਾਉ ॥੩॥*

ਜੇਕਰ ਸੁਰਤਿ ਮੰਡਲ ਦਾ ਪੰਖੀ ਬਣ ਕੇ ਨਿਰ ਆਹਾਰੀ ਹੋ ਜਾਵਾਂ। ਕਿਸੇ ਨੂੰ ਪਤਾ ਨ ਲੱਗੇ ਕਿ ਸਮਾਧੀ ਵਿਚ ਕਿੱਥੇ ਪੁੱਜਿਆ ਹੋਇਆ ਹੋਵਾਂ। ਫੇਰ ਵੀ ਤੇਰੀ ਰਮਜ਼ ਦਾ ਭੇਤ ਨਹੀਂ ਪਾ ਸਕਦਾ। ਤੇਰੇ ਬੇਅੰਤ ਆਕਾਸ਼ ਜਾਂ ਸੁਰਤਿ ਮੰਡਲ ਹਨ ਮੈਂ ਕਿੰਨਿਆਂ ਵਿਚ ਉਡਾਰੀ ਮਾਰ ਸਕਦਾ ਹਾਂ?

*ਨਾਨਕ ਕਾਗਦ ਲਖ ਮਣਾ*
*ਪੜਿ ਪੜਿ ਕੀਚੈ ਭਾਉ।*
*ਮਸੂ ਤੋਟਿ ਨ ਆਵਈ ਲੇਖਣਿ ਪਉਣ ਚਲਾਉ।*
*ਭੀ ਤੇਰੀ ਕੀਮਤ ਨ ਪਵੇ*
*ਹਉ ਕੇਵਡ ਆਖਾ ਨਾਉ ॥੪॥੨॥*

ਗੁਰੂ ਜੀ ਫਰਮਾ ਰਹੇ ਹਨ- ਜੇਕਰ ਲੱਖਾਂ ਮਣ ਕਾਗਜਾਂ ਦੇ ਬਣੇ ਗ੍ਰੰਥ ਹੋਣ ਅਤੇ ਸ਼ਰਧਾ ਨਾਲ ਉਨ੍ਹਾਂ ਨੂੰ ਪੜ੍ਹਿਆ ਜਾਵੇ ਜਾਂ ਸਿਆਹੀ ਦਾ ਅਟੁੱਟ ਭੰਡਾਰ ਹੋਵੇ ਅਤੇ ਮੇਰੀ ਕਲਮ ਪਵਨ ਦੀ ਤੋਰ ਤੇ ਲਿਖਣਾ ਸ਼ੁਰੂ ਕਰ ਦੇਵੇ। ਅਜਿਹੀ ਅਨੰਤ ਗਿਆਨ਼ ਭੰਡਾਰ ਨੂੰ ਪੜ੍ਹ ਕੇ ਜਾਂ ਲਿਖਕੇ ਵੀ ਉਸ ਬੇਅੰਤ ਦੀ ਉਪਮਾ ਸਮਝਣੀ ਜਾਂ ਕਰਨੀ ਅਸੰਭਵ ਹੈ, ਮੇਰੀ ਕੀ ਔਕਾਤ ਹੈ।

ਇਸ ਸ਼ਬਦ ਵਿਚ ਯੋਗ ਸਮਾਧੀ ਵਿਚ ਸੁੰਨ ਲੋਕ ਪੁੱਜਣ ਵਾਲੇ, ਸੁਰਤਿ ਲੋਕ ਵਿਚ ਅਸੀਮ ਉਡਾਰੀਆਂ ਦਾ ਦਾਵਾ ਕਰਨ ਵਾਲੇ ਬਿਹੰਗਮ ਆਪਣਾ ਸਰੀਰ ਹੋਮ ਕਰ ਦੇਣ ਵਾਲੇ ਜੀਵਨ ਬਲਿਦਾਨੀ ਜਾਂ ਗਿਆਨ ਮਾਰਗ ਦੇ ਧੁਰੰਧਰਾਂ ਦੀ ਵੱਡੀਆਂ ਤੋਂ ਵੱਡੀਆਂ ਅਧਿਆਤਮਕ ਪ੍ਰਾਪਤੀਆਂ ਨੂੰ ਉਸ ਪਰਮਾਤਮਾ ਦੀ ਅਸੀਮਤਾ ਨੂੰ ਛੂਹਣ ਦੇ ਨਿਗੂਣੇ ਉਪਰਾਲੇ ਹੀ ਮੰਨੇ ਹਨ। ਕੇਂਦਰੀ ਭਾਵ ਅਨੁਸਾਰ ਦੱਸਿਆ ਗਿਆ ਹੈ ਕਿ ਉਹ ਸਚੁ ਸਰੂਪ ਨਿਰੰਕਾਰ ਅਚੱਲ ਹੈ ਅਤੇ ਸਾਰਾ ਉਸਦਾ ਹੀ ਵਿਸਤਾਰ ਹੈ ਫੇਰ ਉਸਦੀ ਰਹੱਸ ਮਈ ਸ੍ਰਿਸ਼ਟੀ ਦਾ ਕੋਈ ਇਕ ਜੀਵ ਉਸਦੇ ਵਿਸਤਾਰ ਨੂੰ ਕਿਵੇਂ ਜਾਣ ਸਕਦਾ ਹੈ। ਦੇਹ ਦੀ ਉਮਰ, ਇਸ ਦੇ ਤਪ ਅਤੇ ਸਾਧਨਾ ਦੀ ਪ੍ਰਾਪਤੀਆਂ ਦੀ ਇਕ ਸੀਮਾ ਹੈ ਜੋ ਉਸ ਅਸੀਮ ਨੂੰ ਨਹੀਂ ਛੂਹ ਸਕਦੀਆਂ।

ਗੁਰਬਾਣੀ ਦਾ ਅਵਤਾਰਾ ਬ੍ਰਹਮ ਅਵਸਥਾ ਵਿਚੋਂ ਹੋਇਆ ਹੈ ਜਿਸ ਨੂੰ ਦਸਵਾਂ ਦਵਾਰ ਵੀ ਕਿਹਾ ਜਾਂਦਾ ਹੈ। ਉਸ ਅਵਸਥਾ ਵਿਚ

*ਹਰਿ ਮੰਦਰ ਸੋਈ ਆਖੀਐ ਜਿਥਹੁ ਹਰਿ ਜਾਤਾ॥*
*ਮਾਨਸ ਦੇਹ ਗੁਰਬਚਨੀ ਪਾਇਆ*
*ਸਭ ਆਤਮ ਰਾਮ ਪਛਾਤਾ॥*
*ਬਾਹਰਿ ਮੂਲਿ ਨ ਖੋਜੀਐ ਬਰ ਮਾਹਿ ਬਿਧਾਤਾ॥*
*ਮਨਮੁਖਿ ਹਰਿਮੰਦਰ ਕੀ ਸਾਰ ਨ ਜਾਣਨੀ*
*ਤਿਨੀ ਜਨਮੁ ਗਵਾਤਾ॥* (ਪੰਨਾ 953)

ਉਸ ਪਾਰਬ੍ਰਹਮ ਦਾ ਭੇਤ ਤਾਂ ਕਰਤਾ-ਧਰਤਾ-ਹਰਤਾ ਰੂਪੀ ਬ੍ਰਹਮਾ ਬਿਸ਼ਨ-ਮਹੇਸ਼ ਵਿਚ ਨਹੀਂ ਪਾ ਸਕਦੇ-

*ਮਹਿਮਾ ਨ ਜਾਨਹਿ ਬੇਦ,*
*ਬ੍ਰਹਮਾ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤ,*
*ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਸੰਕਰਾ ਨਹੀ ਜਾਨਹਿ ਭੇਵ, ਖੋਜਤ ਹਾਰੇ ਦੇਵ॥*
*ਦੇਵੀਆਂ ਨਹੀ ਜਾਨੈ ਮਰਮ,*
*ਸਭ ਉਪਰਿ ਅਲਖ ਪਾਰਬ੍ਰਹਮ॥* (ਪੰਨਾ 814)

# ਪੁਸਤਕ ਸਮੀਖਿਆ

*ਪੁਸਤਕ* : "ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ"
*ਲੇਖਕ* : ਡਾ. ਹਰਨਾਮ ਸਿੰਘ ਸ਼ਾਨ *ਪੰਨੇ* : 272 *ਕੀਮਤ* : 45 ਰੁਪਏ (ਸਜਿਲਦ)
*ਪ੍ਰਕਾਸ਼ਕ* : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।


**ਡਾ. ਗੁਰਮੀਤ ਸਿੰਘ ਬੈਦਵਾਣ**
ਪਿੰਡ ਬਾਸੀਆਂ, ਬੈਦਵਾਣ, ਮੱਛਲੀ ਕਲਾਂ
ਜ਼ਿਲ੍ਹਾ ਫਤਹਿਗੜ੍ਹ ਸਾਹਿਬ


ਸਾਫ ਸੁਥਰੇ ਅਕਸ ਵਾਲੇ ਜੀਵਨ ਉਸਾਰ ਵਿੱਚ ਜੇ ਚੜ੍ਹਦੀ ਕਲਾ ਦਾ ਅੰਸ਼ ਸ਼ਾਮਿਲ ਹੋ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਇਹ ਅਜਿਹਾ ਉਜਿਆਰਾ ਮਾਰਗ ਬਣ ਜਾਂਦਾ ਹੈ ਜਿਸ ਵਿੱਚ ਦੋਖ-ਦਵੈਖ ਦਾ ਨਾਂ ਨਹੀਂ ਰਹਿੰਦਾ ਸਗੋਂ ਨਿਰਭੈਤਾ ਤੇ ਨਿਰਵੈਰਤਾ ਦੇ ਗੁਣ ਉਮਡ਼ ਉਮਡ ਪੈਂਦੇ ਹਨ। ਇਸ ਮਾਰਗ ਤੇ ਚਲਿਆਂ ਇੱਕ ਅਗੰਮੀ ਨਸ਼ਾ ਚੜ੍ਹਦਾ ਹੈ, ਜਿਸਦੇ ਸਰੂਰ ਵਿੱਚ ਮਨੁੱਖ ਸਦਾ ਅਡੋਲ ਤੇ ਅਚਿੰਤ ਵਿਚਰਦਿਆਂ ਸਦਾ ਸਰਸ਼ਾਰ ਤੇ ਭਰਪੂਰ ਰਹਿੰਦਾ ਹੈ। ਜੀਵਨ ਦੇ ਅਜਿਹੇ ਮਾਨਸਿਕ ਤੇ ਸੂਖਮ ਅੰਸ਼ਾਂ ਦਾ ਅਧਿਐਨ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ ਤੇ ਨਾ ਹੀ ਇੱਕੋ ਦਿਨ ਵਿੱਚ ਕੋਈ ਜਾਦੂ-ਜੁਗਤ ਦਿਖਾ ਕੇ ਇਸਦਾ ਕੋਈ ਇੱਕ ਅਰਥ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਪੰਜਾਬੀ ਸਾਹਿਤ ਅਤੇ ਸਿੱਖ ਪੰਥ ਦੇ ਨਾਮਵਰ ਵਿਦਵਾਨ ਡਾ. ਹਰਨਾਮ ਸਿੰਘ ਸ਼ਾਨ ਨੇ ਹਥਲੀ ਪੁਸਤਕ "ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ" ਵਿੱਚ ਚੜ੍ਹਦੀ ਕਲਾ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਸਿੱਧੇ ਸ਼ਬਦਾਂ ਵਿੱਚ ਜੇ ਚੜ੍ਹਦੀ ਕਲਾ ਸ਼ਬਦ ਦੇ ਅਰਥ ਮਾਨਸਕ ਦਸ਼ਾ, ਆਤਮਕ ਅਵਸਥਾ, ਆਦਰਸ਼ਕ ਜੀਵਨ ਜਾਚ ਅਤੇ ਸਦਾਚਾਰਕ ਸੋਚ ਆਦਿ ਲੈ ਲਈਏ ਤਾਂ ਵੀ ਇਹ ਪੁਸਤਕ ਇਹਨਾਂ ਸਮੂਹਿਕ ਅਰਥਾਂ ਦੇ ਪਿੰਡੇ ਤੋਂ ਬਾਹਰ ਜਾ ਕੇ ਮਨੁੱਖਾਂ, ਸਮਾਜਾਂ, ਕੌਮਾਂ ਅਤੇ ਦੇਸਾਂ ਦੇਸ਼ਾਂਤਰਾਂ ਦੇ ਭਵਿੱਖ ਲਈ ਸਿੱਕੇਬੰਦ ਦਸਤਾਵੇਜ ਹੈ। ਲੇਖਕ ਨੇ ਚੜ੍ਹਦੀ ਕਲਾ ਸ਼ਬਦ ਦੀ ਸਿਰਫ ਵਿਆਖਿਆ ਹੀ ਨਹੀਂ ਕੀਤੀ ਸਗੋਂ ਇਸ ਸ਼ਬਦ ਨੂੰ ਜਿਉਂਦਿਆਂ, ਵਿਹਾਰ ਕਰਦਿਆਂ, ਚਾਵਾਂ ਉਮੰਗਾਂ ਵਿੱਚ ਵਿਚਰਦਿਆਂ, ਮੁਸ਼ਕਲਾਂ ਵਿੱਚ ਫਸਦਿਆਂ, ਕੱਟਦਿਆਂ, ਵੱਢਦਿਆਂ ਤੇ ਫੇਰ ਦੂਣ ਸਵਾਇਆ ਹੋ ਕੇ ਮਨੁੱਖਾਂ ਸੰਗ ਹੰਢਦਿਆਂ ਵਰਤਦਿਆਂ ਦਰਸਾਇਆ ਹੈ। ਪੁਸਤਕ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ 'ਚੜ੍ਹਦੀ ਕਲਾ' ਦੇ ਅਰਥ ਕਿੰਨੇ ਵਿਸ਼ਾਲ ਹਨ। ਜਿਹਨਾਂ ਨੇ ਇਸ ਸ਼ਬਦ ਦੀ ਕਮਾਈ ਕੀਤੀ ਹੈ ਉਹਨਾਂ ਦੇ ਵੇਰਵੇ ਤੇ ਵਿਸਥਾਰ ਦੇਣ ਵੇਲੇ ਲੇਖਕ ਨੇ ਆਪਣੇ ਕਲਾਤਮਕ ਸੂਝ ਸਦਕਾ ਇੱਕ ਪਾਸੜ ਨਹੀ ਸਗੋਂ ਜੀਵਨ ਮੁੱਲਾਂ ਦੇ ਪ੍ਰਸੰਗ ਵਿੱਚ ਸਾਂਝਾ ਪਲੇਟਫਾਰਮ ਤਿਆਰ ਕਰ ਦਿੱਤਾ ਹੈ। ਪੁਸਤਕ ਵਿੱਚੋਂ ਇੱਕ ਨੁਕਤਾ ਇਹ ਵੀ ਸਮਝ ਪੈਂਦਾ ਹੈ ਕਿ ਜਦੋਂ ਨਿਜੀ ਕਾਰਜਾਂ ਲਈ 'ਚੜ੍ਹਦੀ ਕਲਾ' ਸ਼ਬਦ ਦੀ ਵਰਤੋਂ ਹੁੰਦੀ ਹੈ ਤਾਂ ਇਸ ਦੇ ਅਰਥ ਸਿਰਫ "ਠੀਕ ਹੈ" ਤੱਕ ਸੁੰਗੜ ਕੇ ਰਹਿ ਜਾਂਦੇ ਹਨ ਤੇ ਜਦੋਂ ਸਮੂਹਿਕਤਾ ਦੇ ਭਲੇ ਦੇ ਪ੍ਰਸੰਗ ਵਿੱਚ ਇਸ ਸ਼ਬਦ ਦੀ ਵਰਤੋਂ ਹੁੰਦੀ ਹੈ ਤਾਂ ਇਹ ਸ਼ਬਦ ਵਿਸ਼ਾਲ ਅਰਥਾਂ ਦਾ ਧਾਰਣੀ ਹੋ ਜਾਂਦਾ ਹੈ। ਇਸ ਦੇ ਪਿੱਛੇ ਗੁਰਬਾਣੀ ਦੇ ਆਸ਼ੇ ਅਨੁਸਾਰ ਨਿੱਜ ਤੋਂ ਪਰ ਵੱਲ ਨੂੰ ਜਾਣ ਦੀ ਸ਼ਕਤੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਵਿਦਵਾਨ ਲੇਖਕ ਨੇ 'ਚੜ੍ਹਦੀ ਕਲਾ' ਦੇ ਸੰਕਲਪ ਨੂੰ ਸਪਸ਼ਟ ਕਰਨ ਲਈ ਦਸ ਗੁਰੂ ਸਾਹਿਬਾਨਾਂ ਵੇਲੇ ਦੇ ਜੀਵਨ-ਵਿਹਾਰ ਨੂੰ ਇਕ ਪ੍ਰਯੋਗਸ਼ਾਲਾ ਦੇ ਤੌਰ ਤੇ ਪਾਠਕਾਂ ਦੇ ਸਾਹਮਣੇ ਰੱਖਿਆ ਹੈ ਤਾਂ ਕਿ ਪਾਠਕਾਂ ਦਾ ਭਰਮ ਦੂਰ ਹੋ ਸਕੇ ਕਿ ਚੜ੍ਹਦੀ ਕਲਾ ਵਿੱਚ ਕਦੇ ਕੋਈ ਇਨਸਾਨ ਵੀ ਹੈ ਕਿ ਨਹੀਂ। ਇਹਨਾਂ ਜੀਵਨ ਘਟਨਾਵਾਂ ਵਿੱਚ ਚੜ੍ਹਦੀ ਕਲਾ ਦੀਆਂ ਬੇਜੋੜ ਬਰਕਤਾਂ ਦੇਖਣ ਨੂੰ ਮਿਲਦੀਆਂ ਹਨ। ਚੜ੍ਹਦੀ ਕਲਾ ਵਿੱਚ ਜਿਊਣ ਵਾਲਿਆਂ ਨੇ ਸੰਸਾਰਕ ਵਸਤਾਂ ਅਤੇ ਸਰੀਰਾਂ ਨਾਲ ਮੋਹ ਨਹੀਂ ਕੀਤਾ ਸਗੋਂ ਗੁਰੂ ਆਸ਼ੇ ਅਨੁਸਾਰ ਵਰਤ ਰਹੇ ਭਾਣਿਆਂ ਨੂੰ ਮਿੱਠਾ ਕਰਕੇ ਮੰਨਿਆ ਅਤੇ ਮਨੁੱਖਤਾ ਦੇ ਚੰਗੇਰੇ ਭਵਿੱਖ ਲਈ ਮਿਸਾਲ ਬਣੇ। ਇੱਕ ਤੋਂ ਇੱਕ ਹਿਰਦੇ ਵੇਦਕ ਘਟਨਾਵਾਂ ਵਾਪਰੀਆਂ ਜਿਹਨਾਂ ਨੂੰ ਪੜ੍ਹਿਆਂ ਅੱਜ ਵੀ ਕਲੇਜਾ ਮੂੰਹ ਨੂੰ ਆਉਂਦਾ ਹੈ ਪਰ ਨਹੀਂ, ਨਿਰਾਸ਼ਤਾ ਨਹੀਂ, ਪ੍ਰਭੁਤਾ ਦੇ ਗੁਣਾਂ ਨਾਲ ਸੰਪੰਨ ਉਹ ਹਸਤੀਆਂ ਸੰਸਾਰ ਭਰ ਲਈ ਚਾਨਣ ਮੁਨਾਰੇ ਬਣ ਕੇ ਖਲੋਤੀਆਂ ਹਨ।

ਅੱਜ ਸਾਡੀ ਸੋਚ ਦਾ ਪੱਧਰ ਨੀਵਾਂ ਹੋ ਗਿਆ ਹੈ, ਅਸੀਂ ਨਿਜੀ ਦੁਖਾਂ ਸੁਖਾਂ ਦੀਆਂ ਸਿੱਪੀਆਂ ਵਿੱਚ ਜਾ ਵੜੇ ਹਾਂ, ਅਜਿਹੀਆਂ ਪੁਸਤਕਾਂ ਹੁੱਜਾਂ ਮਾਰਦੀਆਂ ਹਨ, ਬਾਹਰ

ਨਿਕਲ ਆਉਣ ਲਈ ਮਜ਼ਬੂਰ ਕਰਦੀਆਂ ਹਨ। ਅਸੀਂ ਕਿਉਂ ਇੱਕ ਟਿੱਕ ਅਜਿਹੀਆਂ ਗੱਲਾਂ ਸੁਣਦੇ ਹਾਂ, ਕਿਉਂਕਿ ਜਿਹਨਾਂ ਨੇ 'ਚੜ੍ਹਦੀ ਕਲਾ' ਵਾਲੇ ਕਾਰਨਾਮੇ ਕੀਤੇ ਉਹ ਸਾਡੇ ਵੱਡੇ ਵਡੇਰੇ ਹਨ। ਸਾਡੇ ਖ਼ੂਨ ਦਾ ਕੋਈ ਨਾ ਕੋਈ ਕਤਰਾ ਤਾਂ ਉਹਨਾਂ ਦੇ ਹਿੱਸੇ ਆਉਂਦਾ ਹੋਵੇਗਾ। ਦਿਲ ਦੀ ਧੌਂਕਣੀ ਵਿਚੋਂ ਜਦੋਂ ਇਹ ਕਤਰਾ ਲੰਘਦਾ ਹੋਵੇਗਾ ਤਾਂ ਦਿਲ ਬੇਚੈਨ ਹੁੰਦਾ ਹੋਵੇਗਾ। ਲੇਖਕ ਵਧਾਈ ਦਾ ਪਾਤਰ ਹੈ। ਜਿਸਨੇ ਪਾਠਕਾਂ ਨੂੰ ਮੋਢੇ ਤੋਂ ਫੜ ਕੇ ਝੰਜੋੜਿਆ ਹੈ। ਵਿਰਸੇ ਦੀ ਯਾਦ ਦਵਾਈ ਹੈ ਤੇ ਮੁੜ ਉਹਨਾਂ ਮਾਰਗਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਹੈ।

ਸੱਚੇ ਸੁੱਚੇ ਸਾਹਿਤ ਦਾ ਇਹ ਫਰਜ਼ ਬਣਦਾ ਹੈ ਕਿ ਉਹ ਜਾਣਕਾਰੀ ਵੀ ਦੇਵੇ ਅਤੇ ਸਮਾਜ ਦੀ ਯੋਗ ਅਗਵਾਈ ਵੀ ਕਰੇ। ਪੁਸਤਕ ਇਸ ਵਿਚਾਰ ਤੇ ਖਰੀ ਉਤਰਦੀ ਹੈ ਕਿਉਂਕਿ ਪੁਸਤਕ ਵਿੱਚ ਇਤਿਹਾਸਕ ਘਟਨਾਵਾਂ ਦੀ ਨਾਵਾਂ ਥਾਵਾਂ ਅਤੇ ਤਿੱਥਾਂ ਤਾਰੀਕਾਂ ਅਨੁਸਾਰ ਜਾਣਕਾਰੀ ਭਰਪੂਰ ਮਾਤ੍ਰਾ ਵਿੱਚ ਹੋਈ ਮਿਲਦੀ ਹੈ। ਇਤਿਹਾਸਕ ਵੇਰਵਿਆਂ ਦੇ ਆਧਾਰ ਤੇ ਭਵਿੱਖ ਦੀ ਨਿਸ਼ਾਨ ਦੇਹੀ ਕਰਨੀ ਕਰਤਾਰੀ ਕਲਾ ਤੋਂ ਘੱਟ ਨਹੀਂ। ਡਾ. ਹਰਨਾਮ ਸਿੰਘ ਸ਼ਾਨ ਦਾ ਕਹਿਣਾ ਹੈ ਕਿ ਜੇ ਮਨੁੱਖ ਨੇ ਭੂਤ ਕਾਲ ਵਿੱਚ ਚੜ੍ਹਦੀ ਕਲਾ ਦੇ ਪ੍ਰਤੀਕ ਬਣਕੇ, ਚੜ੍ਹਦੀ ਕਲਾ ਦਾ ਪੁੰਜ ਬਣ ਕੇ ਮਨੁੱਖਤਾ ਲਈ ਸਿਰਧੜ ਦੀਆਂ ਬਾਜੀਆਂ ਲਾਈਆਂ ਹਨ ਤਾਂ ਫਿਰ ਕੀ ਕਾਰਨ ਹੈ, ਅਜੋਕਾ ਮਨੁੱਖ ਨਿੱਜ ਦੀ ਵਲਗਣ ਵਿਚੋਂ ਕਿਉਂ ਨਹੀਂ ਨਿਕਲ ਰਿਹਾ। ਜੇ ਵਰਤਮਾਨ ਵਿੱਚ ਉਹ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਕੇ ਨਹੀਂ ਜਿਉਂਦਾ ਤਾਂ ਉਹ ਭਵਿੱਖ ਲਈ ਕੀ ਸੁਨੇਹਾ ਛੱਡ ਕੇ ਜਾਵੇਗਾ। ਅਸੀਂ ਆਪਣੇ ਇਤਿਹਾਸ, ਵਿਰਸੇ ਤੇ ਮਾਣ ਕਰਦੇ ਹਾਂ, ਸਾਡੇ ਤੇ ਕੌਣ ਮਾਣ ਕਰੇਗਾ, ਕਿਸ ਗੱਲ ਦਾ ਮਾਣ ਕਰੇਗਾ।

ਚੜ੍ਹਦੀ ਕਲਾ ਦੇ ਪੁੰਜ ਜਮਾਨੇ ਨੂੰ ਬਦਲ ਦੇਣ ਦੇ ਸਮਰੱਥ ਬਣੇ, ਸਬਰ ਸੰਤੋਖ ਨਾਲ ਜੀਵਨ ਬਸਰ ਕਰਨ ਅਤੇ ਸਮੂਹਿਕਤਾ ਦੇ ਭਲੇ ਖਾਤਰ ਸਿਰਧੜ ਦੀ ਬਾਜੀ ਲਾਉਣ ਅਤੇ ਦੋਖੀਆਂ ਨੂੰ ਸੋਚ ਬਦਲਣ ਲਈ ਮਜ਼ਬੂਰ ਕਰਨ ਵਾਲੇ ਚੜ੍ਹਦੀ ਕਲਾ ਦੇ ਪੁੰਜ ਸਾਰੀ ਦੁਨੀਆਂ ਦੇ ਮਾਣ ਸਤਿਕਾਰ ਦੇ ਪ੍ਰਤੀਕ ਹਨ। ਚੜ੍ਹਦੀ ਕਲਾ ਦੇ ਇੱਕ ਪੁੰਜ ਦੀ ਤਾਕਤ ਸਵਾ ਲੱਖ ਦੇ ਬਰਾਬਰ ਹੈ। ਜਿਸਨੇ ਇਹ ਤਾਕਤ ਬਖਸ਼ੀ ਹੈ ਉਸ ਦੀ ਤਾਕਤ ਕਿੰਨੀ ਹੋਵੇਗੀ, ਇਹ ਦੁਨੀਆਂ ਦੀ ਗਿਣਤੀ ਮਿਣਤੀ ਤੋਂ ਬਾਹਰ ਦੀ ਗੱਲ ਹੈ। ਚੜ੍ਹਦੀ ਕਲਾ ਦੇ ਮੁਜੱਸਮੇ ਕੁਰਬਾਨੀ ਦੇ ਪੁੰਜ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਮਾਤਮਾ ਦੀ ਰਜ਼ਾ ਵਿੱਚ ਦਿਲ ਦੀ ਵੇਦਨਾ ਕਿਸੇ ਵੇਲੇ ਇਉਂ ਪ੍ਰਗਟ ਕੀਤੀ ਸੀ।

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਣਾ।*
*ਸੂਲ ਸੁਰਾਹੀ ਖੰਜਰੁ ਪਿਆਲਾ*
*ਬਿੰਗੁ ਕਸਾਈਆਂ ਦਾ ਸਹਣਾ।*
*ਯਾਰੜੇ ਦਾ ਸਾਨੂੰ ਸੱਥਰ ਚੰਗਾ*
*ਭਠ ਖੇੜਿਆਂ ਦਾ ਰਹਣਾ।*

ਏਨੀਆਂ ਦੁਖ ਤਕਲੀਫਾਂ ਦੇ ਬਾਵਜੂਦ ਸਹਿਜ ਸੰਜਮ ਅਤੇ 'ਚੜ੍ਹਦੀ ਕਲਾ' ਵਿੱਚ ਰਹਿੰਦਿਆਂ ਆਪਣੇ ਮੂਲ ਨਾਲ ਜਾ ਜੁੜਨ ਦੀ ਇਹ ਇੱਕ ਅਨੋਖੀ ਮਿਸਾਲ ਹੈ। ਗੁਰਬਾਣੀ ਅਤੇ ਗੁਰੂ ਆਸ਼ੇ ਅਨੁਸਾਰ ਚੜ੍ਹਦੀ ਕਲਾ ਦੇ ਸੰਕਲਪ ਨੂੰ ਦ੍ਰਿੜਾਉਣ ਹਿੱਤ ਲੇਖਕ ਦਾ ਉਪਰਾਲਾ ਸ਼ਲਾਘਾਯੋਗ ਹੈ।

# Review of a Small and Simple Book

**Title:** Gurbani: The Elixir of Life **Writer:** Joginder Singh
**Forward by:** Chief Justice (retd.) Ranjit Singh Narula **Price:** Rs.50 **Pages:**73
**Published by:** Hemkunt Publishers Pvt. Ltd.
A-78, Naraina Industrial Area Phase-I, New Delhi 110 028

**Col. A.S. Rattan (Retd.)**
**228, Sector 16-A**
**Chandigarh**

A simple book by S. Joginder Singh, the writer, is ***"Gurbani: The Elixir of Life"***. Reading the book leaves no doubt in any body's mind. The rendering of the book is very simple and in effective language for a Sikh family or one who believes in the Guru Granth Sahib. Half in English and half in Punjabi is an excellent idea and makes it more likeable for reading. The rural masses will enjoy it too. The translation is very close and effective. The glory, the greatness and the unbounded wealth of spirituality, contained in the Holy Guru Granth Sahib have been well brought out by appropriate quotes from the Holy Guru Granth Sahib, covering various aspects of human life (of a seeker) in entirety.

The book is easily readable and helps improved understanding of life covered in the Holy Guru Granth Sahib, in a short time. The book is well laid out and paraphrased.

The writer has so aptly quoted:

***Akli Sahib sewiay,***
***Akii paaye maan,***
***Akli par ke bhujiay***
***Akli keeche daan***
***Nanak aakhai rah eho***
***hor galaan shetan***

*Recite His name with understanding.*
*With understanding obtain honour*
*Reveal Him to yourself with understanding:*
*With understanding become the donor.*
*Sayeth Nanak this alone is the path divine, all others lead to the devil.*

# AN E-MAIL ARTICLE

**Amarjit Shah Singh**

**e.mail:** amarjit@iinet.net.au

***Ik Oankar Satguruprasad***

I read an article the other day and it answered these questions really beautifully. Basically God is love and God created us so that we may love God. Gurbani says that '*Gobind bhau bhagat ka bhukaa*' God is hungry for the love of the devotees.

The article is by Duncan Greenless titled 'The Gospel of The Guru Granth'. How did this universe come into existence? There was nothing but God. He willed and out of the word which expressed that will the universe is being ceaselessy made.

***What is God?***

The One Eternal and infinite Unmanifest, who has manifested himself to us through his works. He is the king, Father of all, abiding in all and also the Ocean of pure being wherin all abide.

***Where is God?***

He is in all that he has made, as their inmost self.

***Is there a special temple for him?***

The whole universe, the heart of living beings, the place where the word is loved and sung - these are God's temples.

***Why did God create the universe?***

So that He, being good and by nature the giver of all, may give out of himself through its countless forms and that may all share his life of infinite blissfulness.

***Does he desire to gain anything through this work?***

Being perfect, he can gain nothing for himself, but he desires recipients of his love.

***Is matter eternal?***

No through the action of God's creative power it comes into being and at his will it ceases to exist. But its duration is of inconceivably vast extent.

***Are hell and heaven eternal?***

No. Nothing is eternal except God and the soul which merges into Him. All states and planes exist only until he brings the 'play' to an end.

***Has this universe any real existence?***

Being created by the one supreme reality, it is a real expression of his eternal truth *(sat)*; but it arises no real independent existence of its own. Compared with the creator it is like 'the shadow of a cloud', 'a flying dream of the night'.

***Is the universe good or bad?***

The deliberate turning from the service of God to the service of the petty 'self', and the seeking of worldy pleasures for their own sake. That is, the wilful disobedience of what is known to be God's will.

***What is man?***

The creature or child of God, mortal while he identifies himself with the perishable world and body, but with the power of becoming truly immortal through union with him; until then, doomed to wander in the outer darkness of the world unable to see and really love him.

***Why did God create man?***

So that a living creature might choose to love him above all things and so at last unite with him and share his glorious, eternal work.

***What is the origin of the individual soul?***

Like that of a spark from the one fire, a wave arising in the one sea.

The soul comes from God, is always really in him as a partial expression of his will and at the last manifests itself perfectly in union with his perfect self.

***What is man's duty on earth: to God, to other men, to himself?***

To love and worship God, holding his presence always in mind and doing all actions in his name and his glory; to serve and help mankind in all humility, gentleness and courage, fulfilling the duties of his state in perfect honesty, to aspire continually to become a perfect devotee of God and to do his work on earth faithfully so that he may gain those qualities which enable his grace to unite him with God.

***How can man become free?***

In contact with saintly persons, a continuous dwelling on the thought of God and faithful discharge of duty, egotism perishes and man realises that his real self is the one ever free formless God.

***Can he do this unaided?***

No. In order to break his bonds God's grace is absolutely necessary.

***How does God help him?***

When he is ready to be helped, God sends him the intimacy of a Guru whose contact, teachings and example awaken true spirtual visions in his heart and so set him free from bondage to the ego.

***Why does God not give this help to all?***

His will is that all should long for such and prepare themselves for it; the moment any soul is thus made ready, his grace at once descends and the Guru gives enlightenment.

***What should a sinner do to escape the evil lot?***

Repent his sins and wash them away by ceaselessly dwelling upon the thought of God; he can do this when (by serving his guru with faithful devotion) he has won his grace.

***How can man find God?***

with the Guru's grace, he does all his actions and meets all the events of his life in the mood of conscious adoration of God; then his heart is so purified that God himself comes to dwell in it and takes him to himself in loving embrace.

***Can the true knowledge of God be given by another?***

Not fully; the Guru's touch of grace opens the soul's eyes to God's light which is always there, and enables him to see the Lord. In reality it is God who gives the knowledge of himself, but to that end he takes the from of the Guru.

***What is the result of righteous***

***conduct?***

In this life virtues attract grace and they swiftly bring the soul to surrender and to union with one supreme God: in the other, God draws the righteous soul near to him so that it never falls again into the shadows of earthly life.

***What is the final goal of life?***

The total loving union of the soul with God, in his active work of creation and uplift, and in the blissful contemplation of his perfection.

***Can you sum up this religion in a few words?***

It is life of active effort towards world's uplift under the Guru's guidance, so that all souls may attain the final goal. It insists on human equality, and rejects caste, race prejudice, the use of images for spirtual God and all external show of piety-insisting on absolute sincerity and preserving action for the love of God.

# ਸੁਰ ਲਿਪੀਆਂ

ਕਸ਼ਮੀਰ ਸਿੰਘ

1612, ਫੇਜ਼ 7, ਮੁਹਾਲੀ

**ਰਾਗ ਮਲ੍ਹਾਰ (ਮੀਆਂ ਕੀ)**

**ਅਰੋਹ** : ਸਮ, ਰੇ-ਪ, ਨ਼ੀ-ਧ ਨੀ ਸਂ। **ਅਵਰੋਹ** : ਸਂ ਨ਼ੀ ਪ, ਮ ਪ, ਗ਼ੁ ਮ ਰੇ ਸ।

**ਥਾਟ** : ਕਾਫ਼ੀ **ਜਾਤੀ** : ਸੰਪੂਰਨ-ਸ਼ਾੜਵ। ਗੁ ਕੋਮਲ, ਦੋਵੇਂ ਨਿਸ਼ਾਦ। **ਸਮਾਂ** : ਅੱਧੀ ਰਾਤ ਜਾਂ ਵਰਖਾ ਰੁੱਤ। **ਵਾਦੀ** : 'ਮ' **ਸੰਵਾਦੀ** : 'ਸ' **ਅਵਰੋਹ** : ਵਿਚ 'ਧ' ਵਰਜਿਤ। **ਪਕੜ** : ਰੇ ਪ, ਗੁ ਗੁ ਮ ਰੇ ਸ, ਨ਼ੀ ਨ਼ੀ-ਧ਼ ਨ਼ੀ ਸ।

ਤਾਲ ਰੂਪਕ

| 1 | 2 | 3 | 4 | 5 | 6 | 7 |
|---|---|---|---|---|---|---|
| ***ਸਥਾਈ :*** | | | | | | ਸ |
| | | | | | | ਮ |
| ਪ | – | ਪ | ਗੁ | ਮ | ਰੇ | ਸ |
| ਲਾ | ኄ | ਰੁ | ਸੀ | ኄ | ਤ | ਲ |
| ਨ਼ੀ | – | ਧ਼ | ਨੀ | – | ਸ | – |
| ਰਾ | ኄ | ਗੁ | ਹੈ | ኄ | ኄ | ኄ |
| ਮ | ਰੇ | ਪ | ਨੁ਼ੀ | ਧ | ਨੀ | ਸਂ |
| ਹ | ਰਿ | ਧਿਆ | ਇਐ | ኄ | ਸਾਂ | ਤਿ |
| ਸਂ | ਨੁ਼ੀ | ਪ | ਗੁ | ਮ | ਰੇ | |
| ਹੋ | ኄ | ኄ | ਇ | ኄ | ኄ | |
| ***ਅੰਤਰਾ*** | | | | | | |
| ਮਮ | ਪ | ਪ | ਨੁ਼ੀ | ਧ | ਨੀ | – |
| ਹਰਿ | ਜੀ | ਉ | ਅ | ਪ | ਣੀ | ኄ |
| ਸਂ | ਸਂ | -ਸਂ | ਰੇਂ | ਨੀ | ਸਂ | – |
| ਕ੍ਰਿ | ਪਾ | ኄਕ | ਰੇ | ኄ | ኄ | ኄ |
| ਗੁਂ | ਮਂ | ਰੇਂ | ਸਂ | ਨੁ਼ੀ | ਧ | ਨੀ |
| ਤਾ | ਵ | ਰ | ਤੈ | ኄ | ਸ | ਭ |
| ਸਂ | ਨੁ਼ੀ | ਪ | ਗੁ | ਮ | ਰੇ | |
| ਲੋ | ኄ | ኄ | ਇ | ኄ | ኄ | |

ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | ਪ | -ਪ | ਨੁ਼ੀ | ਮ | ਪ |
| | | | | | | | | | | | ਰਾ | ኄਮ | ਰਾ | ኄ | ਮ |
| ਸਂ | -ਸਂ | ਸਂ | ਸਂ | ਨੀ | ਸਂ | ਨੀਸਂ | ਰੇਂਸਂ | ਨੁ਼ੀ | – | ਪ | ਪ | ਮ | ਨੁ਼ੀ | ਪ | ਪ |
| ਥੋ | ኄਲਿ | ਥੋ | ਲਿ | ਖੋ | ኄਜ | ਤੇኄ | ਵਡ | ਭਾ | ኄ | ਗੀ | ਹ | ਰਿ | ਕਾ | ኄ | ኄ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗੁ | – | – | ਮ | ਰੇ | – | ਰੇਰੇ | ਰੇਰੇ | ਸ | ਸ | ਮ | ਰੇ | ऽਪ | ਪ | ਨੀ | ਧ |
| ਧੰ | ऽ | ऽ | ਬੁ | ਕੋ | ऽ | -ਉ | ਬऽ | ਤਾ | ਵੈ | ਹਉ | ਤਾ | ऽऽ | ਕੈ | ਪਾ | ਇ |
| ਰੇਂ | – | – | ਸਂ | ਨੀ | ਸਂ | ਨੀਸਂ | ਰੇਂਸਂ | ਨੀ | – | ਪ | | | | | |
| ਲਾ | ऽ | ऽ | ऽ | ऽ | ऽ | ऽऽ | ऽऽ | ਗੀ | ऽ | ऽ | | | | | |
| *ਅੰਤਰਾ* | | | | | | | | ਮ | ਰੇ | ਪ | ਪ | ਨੀ | ਧ | ਨੀ | – |
| | | | | | | | | ਹ | ਰਿ | ऽ | ਹ | ਮਾ | ऽ | ਰੋ | ऽ |
| ਸਂ | – | ਸਂ | ਸਂ | ਨੀ | ਧ | ਨੀ | ਸਂ | ਨੀ | ਸਂ | ਗੁਂ | ਮਂ | ਰੇਂ | ਰੇਂ | ਸਂ | – |
| ਮੀ | ऽ | ਤੁ | ਸ | ਖਾ | ऽ | ਈ | ऽ | ਹ | ਮ | ਹ | ਰਿ | ਸਿ | ਉ | ऽ | ऽ |
| ਨੀ | ਸਂ | ਨੀਸਂ | ਰੇਂਸਂ | ਨੀ | – | ਪ | – | ਮ | ਪ | ਸਂ | ਸਂ | ਨੀ | – | ਪ | ਪ |
| ਪ੍ਰੀ | ऽ | ऽऽ | ਤਿऽ | ਲਾ | ऽ | ਗੀ | ऽ | ਹ | ਰਿ | ਹ | ਮ | ਗਾ | ऽ | ਵ | ਹਿ |
| ਗੁ | ਗੁ | ਮ | ਮ | ਰੇ | – | ਸ | ਸ | ਮ | ਰੇ | ਪਪ | ਪ | ਨੀ | ਧ | ਨੀ | ਸਂ |
| ਹ | ਰਿ | ਹ | ਮ | ਬੋ | ऽ | ਲ | ਹਿ | ਅਉ | ਰੁ | ਦੂਤੀ | ਆ | ਪ੍ਰੀ | ਤਿ | ਹ | ਮ |
| ਰੇਂਰੇਂ | – | – | ਸਂ | ਨੀ | ਸਂ | ਨੀਸਂ | ਰੇਂਸਂ | ਨੀ | – | ਪ | | | | | |
| ਤਿਆ | ऽ | ऽ | ऽ | ऽ | ऽ | ऽऽ | ऽऽ | ਗੀ | ऽ | ऽ | | | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| (ਸਲੋਕ) ਮਹਲਾ ੩ ॥ | **3rd Guru.** | ਤੀਜੀ ਪਾਤਿਸ਼ਾਹੀ। |
| ਮਲਾਰੁ ਸੀਤਲੁ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥ | The Malar is a peace-bestowing measure. Contemplating God in it, coolness is obtained. | ਮਲਾਰ ਅਰਾਮ ਚੈਨ ਬਖਸ਼ਣਹਾਰ ਰਾਗ ਹੈ। ਇਸ ਅੰਦਰ ਵਾਹਿਗੁਰੂ ਦਾ ਸਿਮਰਨ ਕਰਨ ਦੁਆਰਾ ਠੰਢ-ਚੈਨ ਪ੍ਰਾਪਤ ਹੁੰਦਾ ਹੈ। |
| ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ॥ | When the Sire Lord shows His mercy, then one sees Him pervading the whole world. | ਜਦ ਮਹਾਰਾਜ ਮਾਲਕ ਆਪਣੀ ਮੇਹਰ ਧਾਰਦਾ ਹੈ, ਤਦ ਜੀਵ ਉਸਨੂੰ ਸਾਰੇ ਸੰਸਾਰ ਅੰਦਰ ਵਿਆਪਕ ਵੇਖ ਲੈਂਦਾ ਹੈ। |
| ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ ॥ | Through the rainfall, the creatures obain the means of subsistence and the earth is embellished. | ਮੀਂਹ ਵਰ੍ਹਣ ਰਾਹੀਂ ਜੀਵਾਂ ਨੂੰ ਉਪਜੀਵਕਾ ਦੇ ਵਸੀਲੇ ਪ੍ਰਾਪਤ ਹੋ ਜਾਂਦੇ ਹਨ ਅਤੇ ਧਰਤੀ ਸ਼ਸ਼ੋਭਤ ਥੀ ਵੰਞਦੀ ਹੈ। |
| ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥ | Nanak, this world is all water and from the water everything has sprung. | ਨਾਨਕ, ਇਹ ਸੰਸਾਰ ਪਾਣੀ ਹੀ ਹੈ ਅਤੇ ਪਾਣੀ ਤੋਂ ਹੀ ਹਰ ਸ਼ੈ ਉਤਪੰਨ ਹੋਈ ਹੈ। |
| ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥ | By the Guru's grace, some rare one realises the Lord. Such a man is ever emancipated. | ਗੁਰਾਂ ਦੀ ਦਇਆ ਦੁਆਰਾ ਕੋਈ ਟਾਂਵਾ ਟੱਲਾ ਜਣਾ ਹੀ ਸਾਈਂ ਨੂੰ ਅਨੁਭਵ ਕਰਦਾ ਹੈ। ਐਸਾ ਪ੍ਰਾਣੀ ਹਮੇਸ਼ਾ ਹੀ ਬੰਦ-ਖਲਾਸ ਹੈ। |

♦ ♦ ♦

| | | |
|---|---|---|
| ਮਲਾਰ ਮਹਲਾ ੪ ॥ | **Malar 4th Guru.** | ਮਲਾਰ ਚੌਥੀ ਪਾਤਿਸ਼ਾਹੀ। |
| ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥ | Utter,utter thou the Lord's Name alone. Only the very fortunate ones seek Him, the Lord. | ਤੂੰ ਕੇਵਲ ਪ੍ਰਭੂ ਦੇ ਨਾਮ ਦਾ ਹੀ ਉਚਾਰਨ, ਉਚਾਰਨ ਕਰ। ਪਰਮ ਚੰਗੀ ਪ੍ਰਾਲਭਧ ਵਾਲੇ ਹੀ ਉਸ ਸੁਆਮੀ ਨੂੰ ਖੋਜਦੇ ਹਨ। |
| ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾਕੈ ਪਾਇ ਲਾਗੀ ॥੧॥ | Whosoever points out to me the path of God; I repair to his feet. | ਜੋ ਕੋਈ ਵੀ ਮੈਨੂੰ ਵਾਹਿਗੁਰੂ ਦਾ ਮਾਰਗ ਦੱਸਦਾ ਹੈ; ਮੈਂ ਉਸਦੇ ਪੈਰੀਂ ਪੈਂਦਾ ਹਾਂ। |
| ਰਹਾਉ ॥ | Pause. | ਠਹਿਰਾਉ। |
| ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ ਪ੍ਰੀਤਿ ਲਾਗੀ ॥ | God is my friend and succourer & to God bear I love. | ਵਾਹਿਗੁਰੂ ਮੇਰਾ ਮਿੱਤਰ ਅਤੇ ਮਦਦਗਾਰ ਹੈ ਅਤੇ ਵਾਹਿਗੁਰੂ ਨਾਲ ਹੀ ਮੇਰਾ ਪ੍ਰੇਮ ਪਿਆ ਹੋਇਆ ਹੈ। |
| ਹਰਿ ਹਮ ਗਾਵਹਿ ਹਰਿ ਹਮ ਬੋਲਹਿ ਅਉਰੁ ਦੁਤੀਆ ਪ੍ਰੀਤਿ ਹਮ ਤਿਆਗੀ ॥੧॥ | I sing God's praise, the God's Name utter I and all other loves. I have abandoned. | ਮੈਂ ਹਰੀ ਦਾ ਜੱਸ ਗਾਉਂਦਾ ਹਾਂ, ਹਰੀ ਦਾ ਨਾਮ ਹੀ ਮੈਂ ਉਚਾਰਦਾ ਹਾਂ ਅਤੇ ਹੋਰ ਸਾਰੇ ਪਿਆਰ ਮੈਂ ਛੱਡ ਦਿੱਤੇ ਹਨ। |
| ਮਨਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ ॥ | Bewithching is my Beloved. The Detached Lord God is the Embodiment of supreme bliss. | ਫਰੇਫਤਾ ਕਰ ਲੈਣ ਵਾਲਾ ਹੈ ਮੇਰਾ ਪਿਆਰਾ। ਨਿਰਲੇਪ ਸੁਆਮੀ ਵਾਹਿਗੁਰੂ, ਮਹਾਨ ਪ੍ਰੰਸਨਤਾ ਦਾ ਸਰੂਪ ਹੈ। |
| ਹਰਿ ਦੇਖੇ ਜੀਵਤ ਹੈ ਨਾਨਕੁ ਇਕ ਨਿਮਖ ਪਲੋ ਮੁਖਿ ਲਾਗੀ ॥<br>੨॥੨॥੯॥੯॥੧੩॥੯॥੩੧॥ | Nanak lives, seeing Thee, O God, my Master, Bless Thou me with Thine vision, even for an instant and a moment. | ਨਾਨਕ ਤੈਨੂੰ ਵੇਖ ਕੇ ਜਿਊਂਦਾ ਹੈ, ਹੇ ਵਾਹਿਗੁਰੂ ਮੇਰੇ ਮਾਲਕ! ਤੂੰ ਇਕ ਮੁਹਤ ਅਤੇ ਇਕ ਛਿਨ ਭਰ ਲਈ ਹੀ, ਮੈਨੂੰ ਆਪਣਾ ਦਰਸ ਵਿਖਾਲ। |